

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

Awaze Qaum

International Daily Newspaper & WEB TV

www.awazeqaumtv.com

Also On Visit on facebook

https://www.facebook.com/awazeqaumtv/videos/1948995821245 31/

(ਯੂ. ਕੇ. ਤੋਂ ਪ੍ਰਕਾਸ਼ਿਤ)

https://youtu.be/LQwolgxDu7I

awazeqaumtvpunjab@gmail.com

ਸੋਮਵਾਰ, 16 ਨਵੰਬਰ 2026 (ਨਾਨਕਸ਼ਾਹੀ ਸੰਮਤ : ੫੫੮, ੧ ਮੱਘਰ) ਸੰਪਾਦਕ : ਰਘਵੀਰ ਸਿੰਘ ਵਾਲਸਾਲ ਯੂ. ਕੇ., ਸੰਪਰਕ : +447458381111,+447976210161,+919729091243

ਮੱਘਰ ਦੀ ਸੰਗਰਾਂਦ ਅੱਜ

ਸ਼੍ਰੋਮਣੀ ਕਮੇਟੀ ਵੱਲੋਂ ਜਾਰੀ ਕੈਲੰਡਰ ਅਨੁਸਾਰ ਮੱਘਰ ਮਹੀਨੇ ਦੀ ਸੰਗਰਾਂਦ ਅੱਜ ਮਨਾਈ ਜਾ ਰਹੀ ਹੈ। ਦੇਸ਼ ਵਿਦੇਸ਼ ਵਿੱਚ ਇਸ ਦਿਹਾੜੇ ਸਬੰਧੀ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ।

Exclusive News

ਬਠਿੰਡਾ 'ਚ ਬੱਚਿਆਂ ਸਮੇਤ ਪਾਣੀ ਵਾਲੀ ਟੈਂਕੀ 'ਤੇ ਚੜ੍ਹਿਆ ਪਰਿਵਾਰ, ਸਰਪੰਚ 'ਤੇ ਲੱਗੇ ਇਲਜ਼ਾਮ

ਬਠਿੰਡਾ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਬਠਿੰਡਾ ਦੇ ਪਿੰਡ ਦਿਆਲਪੁਰਾ ਮਿਰਜ਼ਾ ਵਿਖੇ ਜ਼ਮੀਨੀ ਵਿਵਾਦ ਨੂੰ ਲੈ ਕੇ ਇੱਕ ਪਰਿਵਾਰ ਵੱਲੋਂ ਬੱਚਿਆਂ ਸਮੇਤ ਟੈਂਕੀ 'ਤੇ ਚੜ੍ਹ ਗਿਆ ਹੈ। ਪਰਿਵਾਰ ਵੱਲੋਂ ਪਿੰਡ ਦੇ ਸਰਪੰਚ 'ਤੇ ਆਪਣੀ ਜ਼ਮੀਨ ਹਥਿਆਉਣ ਦਾ ਇਲਜ਼ਾਮ ਲਾਇਆ ਜਾ ਰਿਹਾ ਹੈ। ਉਧਰ, ਘਟਨਾ ਦਾ ਪਤਾ ਲੱਗਣ 'ਤੇ ਪੁਲਿਸ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ ਅਤੇ ਮੌਕੇ 'ਤੇ ਪਹੁੰਚ ਕੇ ਪਰਿਵਾਰ ਨੂੰ ਹੇਠਾਂ ਉਤਾਰਨ ਦੀਆਂ ਕੋਸ਼ਿਸ਼ ਕੀਤੀਆਂ ਜਾ ਰਹੀਆਂ ਹਨ। ਟੈਂਕੀ 'ਤੇ ਚੜ੍ਹੇ ਤਿੰਨ ਲੋਕਾਂ ਗੁਰਤੇਜ ਸਿੰਘ, ਅੰਮ੍ਰਿਤਪਾਲ ਸਿੰਘ ਅਤੇ ਗੇਟ ਸਿੰਘ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਪਿਛਲੀਆਂ ਤਿੰਨ ਪੀੜ੍ਹੀਆਂ ਤੋਂ ਉਕਤ ਜ਼ਮੀਨ 'ਤੇ ਬਣੇ ਘਰ ਵਿੱਚ ਰਹਿ ਰਿਹਾ ਹੈ। ਉਨ੍ਹਾਂ ਦਾ ਦੋਸ਼ ਹੈ ਕਿ ਕੁਝ ਸਮਾਂ ਪਹਿਲਾਂ ਪਿੰਡ ਦੀ ਮਹਿਲਾ ਸਰਪੰਚ ਸੁਰਿੰਦਰ ਕੌਰ ਨੇ ਆਪਣੇ ਪੁੱਤਰ ਅਤੇ ਪੰਚਾਇਤ ਮੈਂਬਰ ਗੁਰਸੇਵਕ ਸਿੰਘ ਨਾਲ ਮਿਲ ਕੇ ਪੰਚਾਇਤ ਸਕੱਤਰ ਅਤੇ ਸਬੰਧਤ ਤਹਿਸੀਲਦਾਰ ਦੀ ਮਦਦ ਨਾਲ ਜ਼ਮੀਨ ਆਪਣੇ ਨਾਮ ਕਰਵਾ ਲਈ। ਪ੍ਰਦਰਸ਼ਨਕਾਰੀ ਪਰਿਵਾਰ ਨੇ ਸਰਪੰਚ, ਉਸਦੇ ਪੁੱਤਰ, ਪੰਚਾਇਤ ਸਕੱਤਰ ਅਤੇ ਤਹਿਸੀਲਦਾਰ ਵਿਰੁੱਧ ਨਾਅਰੇਬਾਜ਼ੀ ਕੀਤੀ, ਅਤੇ ਮੰਗ ਕੀਤੀ ਕਿ ਉਨ੍ਹਾਂ ਨੂੰ ਉਸ ਜ਼ਮੀਨ ਦੀ ਮਾਲਕੀ ਦਿੱਤੀ ਜਾਵੇ ਜਿਸ 'ਤੇ ਉਨ੍ਹਾਂ ਨੇ ਲੰਬੇ ਸਮੇਂ ਤੋਂ ਕਬਜ਼ਾ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਉਹ ਲੰਬੇ ਸਮੇਂ ਤੋਂ ਇਸ ਮੁੱਦੇ ਤੋਂ ਪ੍ਰੇਸ਼ਾਨ ਸਨ ਅਤੇ ਉਨ੍ਹਾਂ ਨੂੰ ਟੈਂਕੀ 'ਤੇ ਚੜ੍ਹਨ ਲਈ ਮਜਬੂਰ ਹੋਣਾ ਪਿਆ। ਉਨ੍ਹਾਂ ਨੇ ਪਿੰਡ ਵਾਸੀਆਂ ਨੂੰ ਵੀ ਸਹਿਯੋਗ ਦੀ ਅਪੀਲ ਕੀਤੀ।

ਅੰਤਿਮ ਅਰਦਾਸ ਮੌਕੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਦੀ ਅਪੀਲ

2027 'ਚ 'ਝਾੜੂ' ਨੂੰ ਵੋਟ ਨਾ ਪਾਉਣਾ ਹੀ ਝੋਟਾ ਨੂੰ ਅਸਲ ਸ਼ਰਧਾਂਜਲੀ

ਤਲਵੰਡੀ ਸਾਬੋ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਪਰਵਿੰਦਰ ਸਿੰਘ ਝੋਟਾ ਦੀ ਅੱਜ ਅੰਤਿਮ ਅਰਦਾਸ ਤਖਤ ਸ੍ਰੀ ਦਮਦਮਾ ਸਾਹਿਬ ਦੇ ਮੁੱਖ ਦੀਵਾਨ ਹਾਲ ਵਿਖੇ ਹੋਈ। ਪਰਵਿੰਦਰ ਝੋਟਾ ਦੀ ਅੰਤਿਮ ਅਰਦਾਸ ਮੌਕੇ ਵੱਖ ਵੱਖ ਧਾਰਮਿਕ, ਸਮਾਜਿਕ ਅਤੇ ਇਨਸਾਫ਼ ਜਥੇਬੰਦੀਆਂ ਅਤੇ ਸ਼ਖਸੀਅਤਾਂ ਸ਼ਾਮਲ ਹੋਈਆਂ ਅਤੇ ਨਸ਼ਿਆਂ ਖਿਲਾਫ ਲੜਾਈ ਵਿਰੁੱਧ ਵੱਧ ਚੜ੍ਹ ਕੇ ਹਿੱਸਾ ਪਾਉਣ ਦਾ ਅਹਿਮ ਲਿਆ। ਇਸ ਮੌਕੇ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਭੀਮ ਸਿੰਘ ਨੇ ਭਾਵੁਕ ਹੁੰਦਿਆਂ ਪੰਜਾਬੀਆਂ ਨੂੰ ਅਪੀਲ ਕੀਤੀ ਕਿ ਜੇਕਰ ਉਹ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਬਚਾਉਣਾ ਚਾਹੁੰਦੇ ਹਨ ਤਾਂ ਆਮ ਆਦਮੀ ਪਾਰਟੀ ਨੂੰ 2027 ਵਿੱਚ ਵੋਟ ਨਾ ਪਾਉਣ। ਉਨ੍ਹਾਂ ਕਿਹਾ ਕਿ ਜਦੋਂ ਝੋਟਾ ਨੂੰ 2023 ਵਿੱਚ ਪੁਲਿਸ ਨੇ ਨਸ਼ਿਆਂ ਖਿਲਾਫ ਉਸ ਸਮੇਂ ਦੇ ਐਸਐਸਪੀ ਨਾਨਕ ਸਿੰਘ ਦੇ ਦਿਸ਼ਾ ਨਿਰਦੇਸ਼ਾਂ 'ਤੇ ਮੌਕੇ ਦੇ ਡੀਐਸਪੀ ਨੇ ਝੂਠੇ ਪਰਚੇ ਪਾ ਕੇ ਮਾਨਸਾ ਦੀ ਜੇਲ ਭੇਜਿਆ ਸੀ, ਤਾਂ ਉਥੇ ਨਵਾਂਸ਼ਹਿਰ ਤੋਂ ਵੀ ਇੱਕ ਨਸ਼ਿਆਂ ਖਿਲਾਫ ਲੜਨ ਵਾਲਾ ਵਿਅਕਤੀ ਵੀ ਉਥੇ ਜੇਲ ਵਿੱਚ ਭੇਜਿਆ ਗਿਆ ਸੀ। ਉਪਰੰਤ ਉਹ 2 ਮਹੀਨੇ ਪਿੱਛੋਂ ਰਿਹਾਅ ਹੋ ਗਿਆ ਸੀ। ਜੇਲ 'ਚ ਰਹਿਣ ਪਿੱਛੋਂ ਜਦੋਂ ਪਰਵਿੰਦਰ ਸਿੰਘ ਬਾਹਰ ਆਇਆ ਤਾਂ ਉਕਤ ਵਿਅਕਤੀ ਵੀ ਪਰਵਿੰਦਰ ਝੋਟਾ ਦੇ ਧਰਨੇ ਵਿੱਚ ਸ਼ਾਮਲ ਹੁੰਦਾ ਰਿਹਾ ਸੀ ਅਤੇ ਆਪਣੇ ਇਲਾਕੇ ਵਿੱਚ ਵੀ ਨਸ਼ਿਆਂ ਖਿਲਾਫ਼ ਮੁਹਿੰਮ ਚਲਾਈ। ਪਰ ਨਸ਼ਾਂ ਤਸਕਰਾਂ ਨੇ ਇਸ ਦੀਆਂ ਲੱਤਾਂ ਤੋੜ ਦਿੱਤੀਆਂ। ਪਤਾ ਲੱਗਣ 'ਤੇ ਪਰਵਿੰਦਰ ਸਿੰਘ, ਇਸ ਦਾ ਪਤਾ ਲੈਣ ਵੀ ਦੋ ਵਾਰ ਗਿਆ ਸੀ। ਉਨ੍ਹਾਂ ਕਿਹਾ ਕਿ ਸਰਕਾਰ ਨੇ ਜੋ ਨਸ਼ਿਆਂ ਖਿਲਾਫ਼ ਵਾਅਦਾ ਕੀਤਾ ਸੀ, ਪਰ ਨਸ਼ਾ ਤਸਕਰ ਹੁਣ ਨਸ਼ਿਆਂ ਖਿਲਾਫ਼ ਲੜਨ ਵਾਲਿਆਂ ਦੀਆਂ ਲੱਤਾਂ-ਬਾਂਹਾਂ ਤੋੜ ਰਹੇ ਹਨ। ਉਨ੍ਹਾਂ ਕਿਹਾ ਕਿ ਸੰਗਤ ਵਿੱਚ ਵੀ ਨਸ਼ਾ ਤਸਕਰਾਂ ਨੇ ਇੱਕ ਨੌਜਵਾਨ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਸੀ। ਅਜਿਹੇ ਕਈ ਮਾਮਲੇ ਹਨ, ਜਿਸ ਵਿੱਚ ਪੁਲਿਸ ਨੇ ਪੰਜਾਬ ਦੇ ਨੌਜਵਾਨਾਂ ਨੂੰ ਮਾਰਿਆ ਹੈ ਅਤੇ ਸਰਕਾਰ ਨੇ ਪੁਲਿਸ ਨਾਲ ਰਲ ਕੇ ਸ਼ਿਕਾਰ ਕੀਤਾ। ਭੀਮ ਸਿੰਘ ਨੇ ਪੰਜਾਬੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਜੇਕਰ ਪਰਵਿੰਦਰ ਸਿੰਘ ਝੋਟਾ ਨੂੰ ਅਸਲ ਸ਼ਰਧਾਂਜਲੀ ਦੇਣੀ ਹੈ ਤਾਂ 2027 ਵਿੱਚ ਚੋਣਾਂ ਦੌਰਾਨ 'ਝਾੜੂ' ਦਾ ਬਟਨ ਇਸ ਵਾਰ ਖਾਲੀ ਰਹਿ ਜਾਵੇ, ਇਸ ਨੂੰ ਵੋਟ ਨਾ ਪਾਈ ਜਾਵੇ। ਉਨ੍ਹਾਂ ਕਿਹਾ ਕਿ ਬੀਬੀਆਂ-ਭੈਣਾਂ ਨੂੰ ਆਮ ਆਦਮੀ ਪਾਰਟੀ ਨੇ ਅਖੀਰਲੇ ਸਾਲ ਵਿੱਚ ਆ ਕੇ 1000-1000 ਰੁਪਏ ਪਾ ਦਿੱਤਾ, ਪਰ ਬੀਬੀਆਂ ਨੂੰ ਸਮਝਣਾ ਪੈਣਾ ਹੈ ਕਿ ਰੁਹਾਡੀ ਕੁੱਖ ਨੂੰ ਇਹ ਟੀਕਿਆਂ ਨਾਲ ਸੱਖਣਾ ਕਰ ਰਹੇ ਹਨ, ਰੁਹਾਨੂੰ ਟੂੰ-ਟੂੰ ਹੀ ਨਹੀਂ, ਸਗੋਂ ਬੱਚਿਆਂ ਨੂੰ ਠਾਹ-ਠਾਹ ਕਰਕੇ ਵੀ ਮਾਰ ਰਹੇ ਹਨ, ਇਹ ਝਾੜੂ ਵਾਲੇ।



ਪਰਵਿੰਦਰ ਸਿੰਘ ਝੋਟਾ ਦੀ ਅੰਤਿਮ ਅਰਦਾਸ ਮੌਕੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਦਾ ਪੰਜਾਬੀਆਂ ਦੇ ਨਾਮ ਸੰਦੇਸ਼

ਤਲਵੰਡੀ ਸਾਬੋ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਅੱਜ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਸ਼ਹੀਦ ਭਾਈ ਪਰਵਿੰਦਰ ਸਿੰਘ (ਝੋਟਾ) ਨਮਿਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਸਮੁੱਚੇ ਪੰਜਾਬ ਵਿੱਚੋਂ ਵੱਡੀ ਗਿਣਤੀ ਵਿੱਚ ਇਨਸਾਫ਼ ਪਸੰਦ ਲੋਕਾਂ ਅਤੇ ਸੰਗਤਾਂ ਨੇ ਸ਼ਮੂਲੀਅਤ ਕਰਕੇ ਵਿਛੜੀ ਰੂਹ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਸਮਾਗਮ ਵਿੱਚ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ (ਸ੍ਰੀ ਅਨੰਦਪੁਰ ਸਾਹਿਬ) ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ਾਂ ਤਹਿਤ ਸੰਗਤਾਂ ਦੀ ਸਹੂਲਤ ਲਈ ਸਮਾਗਮ ਦੇ ਪੁਖ਼ਤਾ ਪ੍ਰਬੰਧ ਕੀਤੇ ਗਏ ਸਨ। ਸਮਾਗਮ ਦੌਰਾਨ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਗੁਰੂ ਚਰਨਾਂ ਵਿੱਚ ਅਰਦਾਸ ਬੇਨਤੀ ਕਰਦਿਆਂ ਜਿੱਥੇ ਵਿਛੜੀ ਆਤਮਾ ਦੀ ਸ਼ਾਂਤੀ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖ਼ਸ਼ਣ ਦੀ ਅਰਦਾਸ ਕੀਤੀ, ਉੱਥੇ ਹੀ ਸਮੇਂ ਦੇ ਹੁਕਮਰਾਨਾਂ ਨੂੰ ਨਸ਼ਿਆਂ ਦੇ ਕੋਹੜ ਖ਼ਿਲਾਫ਼ ਸੁਹਿਰਦਤਾ ਨਾਲ ਜੂਝਣ ਦੀ ਸਮਰੱਥਾ ਬਖ਼ਸ਼ਣ ਲਈ ਵੀ ਅਰਦਾਸ ਕੀਤੀ। ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਅੱਜ ਦੇ ਇਸ ਵਿਸ਼ਾਲ ਇਕੱਠ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਪੰਜਾਬ ਦਾ ਹਰ ਬਾਸ਼ਿੰਦਾ ਨਸ਼ਿਆਂ ਨੂੰ ਜੜ੍ਹੋਂ ਖ਼ਤਮ ਕਰਨਾ ਚਾਹੁੰਦਾ ਹੈ ਅਤੇ ਸ਼ਹੀਦ ਭਾਈ ਪਰਵਿੰਦਰ ਸਿੰਘ (ਝੋਟਾ) ਆਪਣੀ ਕੁਰਬਾਨੀ ਸਦਕਾ ਲੋਕਾਂ ਦੇ ਮਨਾਂ ਵਿੱਚ ਵੱਸ ਗਿਆ ਹੈ। ਉਨ੍ਹਾਂ ਕਿਹਾ ਕਿ ਸ਼ਹੀਦ ਭਾਈ ਪਰਵਿੰਦਰ ਸਿੰਘ ਦੂਜਿਆਂ ਦੇ ਬੱਚਿਆਂ ਨੂੰ ਬਚਾਉਣ ਲਈ ਆਪਣਾ ਆਪਾ ਕੁਰਬਾਨ ਕਰਕੇ ਸਮਾਜ ਨੂੰ ਇਹ ਸੁਨੇਹਾ ਦੇ ਗਿਆ ਹੈ ਕਿ ਨਸ਼ਿਆਂ ਦਾ ਇਹ ਰਾਹ ਬੜਾ ਮਾੜਾ ਅਤੇ ਤਬਾਹਕੁੰਨ ਹੈ।

ਮੁੱਖ ਮੰਤਰੀ ਤੀਰਥ ਯਾਤਰਾ ਬੱਸਾਂ 'ਚ ਖ਼ਾਮੀਆਂ 'ਤੇ ਮਨੁੱਖੀ ਅਧਿਕਾਰ ਕਮਿਸ਼ਨ ਵੱਲੋਂ ਪੰਜਾਬ ਦੇ ਮੁੱਖ ਸਕੱਤਰ ਨੂੰ ਸੰਮਨ

ਚੰਡੀਗੜ੍ਹ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਦੇ ਮੈਂਬਰ ਪ੍ਰਿਯਾਂਕ ਕਾਨੂਨਗੋ ਦੀ ਅਗਵਾਈ ਵਾਲੇ ਬੈਂਚ ਨੇ ਪੰਜਾਬ ਸਰਕਾਰ ਦੀ 'ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ' ਤਹਿਤ ਚੱਲ ਰਹੀਆਂ ਬੱਸਾਂ ਵਿੱਚ ਸੁਰੱਖਿਆ ਨਿਯਮਾਂ ਦੀ ਕਥਿਤ ਗੰਭੀਰ ਉਲੰਘਣਾ ਅਤੇ ਤਰਨ ਤਾਰਨ ਵਿਖੇ ਵਾਪਰੇ ਭਿਆਨਕ ਬੱਸ ਹਾਦਸੇ ਦਾ ਸਖ਼ਤ ਨੋਟਿਸ ਲੈਂਦਿਆਂ ਪੰਜਾਬ ਦੇ ਮੁੱਖ ਸਕੱਤਰ ਨੂੰ ਸ਼ਰਤੀਆ ਸੰਮਨ ਜਾਰੀ ਕੀਤੇ ਹਨ। ਕਮਿਸ਼ਨ ਵੱਲੋਂ ਪਿਛਲੇ ਇੱਕ ਸਾਲ ਤੋਂ ਦੇਸ਼ ਦੇ ਸਾਰੇ ਸੂਬਿਆਂ ਵਿੱਚ ਯਾਤਰੀ ਬੱਸਾਂ ਦੀ ਸੁਰੱਖਿਆ ਨੂੰ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ। ਆਪਣੀ ਪਿਛਲੀ ਕਾਰਵਾਈ ਦੌਰਾਨ ਐੱਨ.ਐੱਚ.ਆਰ.ਸੀ. ਨੇ ਯਾਤਰੀ ਅਤੇ ਸਲੀਪਰ ਬੱਸਾਂ ਦੇ ਲਗਾਤਾਰ ਵਾਪਰ ਰਹੇ ਘਾਤਕ ਹਾਦਸਿਆਂ, ਬੱਸਾਂ ਦੀ ਬਣਤਰ ਵਿੱਚ ਖ਼ਾਮੀਆਂ ਅਤੇ ਸੀ.ਆਈ.ਆਰ.ਟੀ. ਦਿਸ਼ਾ-ਨਿਰਦੇਸ਼ਾਂ ਦੀ ਉਲੰਘਣਾ 'ਤੇ ਚਿੰਤਾ ਜ਼ਾਹਰ ਕਰਦਿਆਂ ਤੁਰੰਤ ਬਚਾਅ ਕਾਰਜ ਕਰਨ ਦੇ ਨਿਰਦੇਸ਼ ਦਿੱਤੇ ਸਨ। ਇਸ ਸਬੰਧੀ 'ਨੈੱਟਵਰਕ ਫਾਰ ਐਕਸੈਸ ਟੂ ਜਸਟਿਸ ਐਂਡ ਮਲਟੀਡਿਸਿਪਲਨਰੀ ਆਊਟਰੀਚ ਫਾਊਂਡੇਸ਼ਨ' ਵੱਲੋਂ ਦਾਇਰ ਕੀਤੀ ਗਈ ਸ਼ਿਕਾਇਤ ਵਿੱਚ ਪੰਜਾਬ ਦੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਅਧੀਨ ਤਾਇਨਾਤ ਬੱਸਾਂ ਵਿੱਚ ਗੰਭੀਰ ਸੁਰੱਖਿਆ ਖ਼ਾਮੀਆਂ ਨੂੰ ਉਜਾਗਰ ਕੀਤਾ ਗਿਆ ਸੀ। ਸ਼ਿਕਾਇਤ ਵਿੱਚ ਬੱਸਾਂ ਦੇ ਢਾਂਚੇ ਵਿੱਚ ਗੈ.ਰ-ਕਾਨੂੰਨੀ ਤਬਦੀਲੀਆਂ ਕਰਨ, ਐਮਰਜੈਂਸੀ ਨਿਕਾਸੀ ਦਰਵਾਜ਼ਿਆਂ ਅੱਗੇ ਰੁਕਾਵਟਾਂ ਖੜ੍ਹੀਆਂ ਕਰਨ ਅਤੇ ਅੱਗ ਬੁਝਾਊ ਪ੍ਰਬੰਧਾਂ ਦੀ ਘਾਟ ਵਰਗੇ ਗੰਭੀਰ ਦੋਸ਼ ਲਾਏ ਗਏ ਸਨ। ਕਮਿਸ਼ਨ ਨੇ ਪੰਜਾਬ ਸਰਕਾਰ ਨੂੰ ਇਸ ਯੋਜਨਾ ਤਹਿਤ ਚੱਲਣ ਵਾਲੀਆਂ ਸਾਰੀਆਂ ਬੱਸਾਂ ਦੀ ਜਾਂਚ ਕਰਨ ਅਤੇ ਸੁਰੱਖਿਆ ਮਾਪਦੰਡਾਂ 'ਤੇ ਖਰੀਆਂ ਨਾ ਉਤਰਨ ਵਾਲੀਆਂ ਗੱਡੀਆਂ ਨੂੰ ਤੁਰੰਤ ਹਟਾਉਣ ਦੇ ਨਿਰਦੇਸ਼ ਦਿੱਤੇ ਸਨ, ਪਰ ਸੂਬਾ ਸਰਕਾਰ ਇਨ੍ਹਾਂ ਹੁਕਮਾਂ 'ਤੇ ਪ੍ਰਭਾਵਸ਼ਾਲੀ ਕਾਰਵਾਈ ਕਰਨ ਵਿੱਚ ਨਾਕਾਮ ਰਹੀ। ਇਸੇ ਦੌਰਾਨ 14 ਨਵੰਬਰ 2026 ਨੂੰ ਤਰਨ ਤਾਰਨ ਵਿਖੇ ਇਸੇ ਯੋਜਨਾ ਅਧੀਨ ਚੱਲ ਰਹੀਆਂ ਦੋ ਬੱਸਾਂ ਦੀ ਆਪਸੀ ਟੱਕਰ ਵਿੱਚ ਚਾਰ ਜਣਿਆਂ ਦੀ ਮੌਤ ਹੋਣ ਅਤੇ ਲਗਭਗ 30 ਲੋਕਾਂ ਦੇ ਜ਼ਖ਼ਮੀ ਹੋਣ ਦੀ ਘਟਨਾ ਨੇ ਇਨ੍ਹਾਂ ਸੁਰੱਖਿਆ ਖ਼ਾਮੀਆਂ ਨੂੰ ਮੁੜ ਉਜਾਗਰ ਕਰ ਦਿੱਤਾ ਹੈ। ਲਗਾਤਾਰ ਅਣਗਹਿਲੀ ਅਤੇ ਇਸ ਦਰਦਨਾਕ ਹਾਦਸੇ ਦਾ ਗੰਭੀਰ ਨੋਟਿਸ ਲੈਂਦਿਆਂ ਕਮਿਸ਼ਨ ਨੇ ਅਧਿਕਾਰੀਆਂ ਦੇ ਢਿੱਲੇ ਰਵੱਈਏ ਦੀ ਨਿਖੇਧੀ ਕੀਤੀ ਹੈ ਅਤੇ ਪੰਜਾਬ ਦੇ ਮੁੱਖ ਸਕੱਤਰ ਨੂੰ ਕਮਿਸ਼ਨ ਅੱਗੇ ਪੇਸ਼ ਹੋਣ ਲਈ ਸ਼ਰਤੀਆ ਸੰਮਨ ਜਾਰੀ ਕੀਤੇ ਹਨ। ਮੁੱਖ ਸਕੱਤਰ ਨੂੰ ਬੱਸਾਂ ਦੀ ਜਾਂਚ, ਸੁਰੱਖਿਆ ਨਿਯਮਾਂ ਦੀ ਪਾਲਣਾ, ਸੁਧਾਰਾਤਮਕ ਕਦਮਾਂ, ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਾਹਨਾਂ ਵਿਰੁੱਧ ਕੀਤੀ ਕਾਰਵਾਈ ਅਤੇ ਤਰਨ ਤਾਰਨ ਹਾਦਸੇ ਦੀ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਨਿਰਧਾਰਤ ਸਮਾਂ-ਸੀਮਾ ਦੇ ਅੰਦਰ ਮੁਕੰਮਲ ਰਿਪੋਰਟ ਪੇਸ਼ ਨਾ ਕਰਨ ਦੀ ਸੂਰਤ ਵਿੱਚ ਮੁੱਖ ਸਕੱਤਰ ਨੂੰ ਕਮਿਸ਼ਨ ਅੱਗੇ ਨਿੱਜੀ ਤੌਰ 'ਤੇ ਪੇਸ਼ ਹੋਣਾ ਪਵੇਗਾ। ਕਮਿਸ਼ਨ ਨੇ ਮੁੜ ਦੁਹਰਾਇਆ ਕਿ ਯਾਤਰੀਆਂ, ਖ਼ਾਸ ਕਰਕੇ ਬਜ਼ੁਰਗਾਂ ਅਤੇ ਹੋਰ ਕਮਜ਼ੋਰ ਵਰਗਾਂ ਦੀ ਸੁਰੱਖਿਆ ਸੂਬਾ ਸਰਕਾਰ ਅਤੇ ਰੈਗੂਲੇਟਰੀ ਅਥਾਰਟੀਆਂ ਦੀ ਸਿੱਧੀ ਜ਼ਿੰਮੇਵਾਰੀ ਹੈ।

ਪੰਜਾਬ ਦੀ ਸਿਆਸਤ 'ਚ ਵੱਡਾ ਧਮਾਕਾ, ਬੀਬੀ ਜਗੀਰ ਕੌਰ ਦੀ ਸੁਖਬੀਰ ਬਾਦਲ ਨੇ ਕਰਾਈ ਘਰ ਵਾਪਸੀ

ਬੇਗੋਵਾਲ/ਚੰਡੀਗੜ੍ਹ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਪੰਜਾਬ ਦੀ ਸਿਆਸਤ 'ਚ ਉਸ ਵੇਲੇ ਵੱਡਾ ਧਮਾਕਾ ਹੋਇਆ, ਜਦੋਂ ਬੀਬੀ ਜਗੀਰ ਕੌਰ ਦੀ ਘਰ ਵਾਪਸੀ ਹੋ ਗਈ। ਇੱਥੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਲੋਂ ਬੀਬੀ ਜਗੀਰ ਕੌਰ ਨੂੰ ਮੁੜ ਪਾਰਟੀ 'ਚ ਸ਼ਾਮਲ ਕਰਵਾਇਆ ਗਿਆ। ਜ਼ਿਕਰਯੋਗ ਹੈ ਕਿ ਬੀਬੀ ਜਗੀਰ ਕੌਰ ਪਿਛਲੇ ਸਮੇਂ ਦੌਰਾਨ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਕੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਨਾਲ ਜੁੜ ਗਏ ਸਨ। ਸੁਖਬੀਰ ਬਾਦਲ ਨੇ ਬੀਬੀ ਜਗੀਰ ਕੌਰ ਨੂੰ ਭੁਲੱਥ ਹਲਕੇ ਦਾ ਇੰਚਾਰਜ ਨਿਯੁਕਤ ਕੀਤਾ ਹੈ। ਉਨ੍ਹਾਂ ਨੇ ਕਿਹਾ ਕਿ ਪੰਜਾਬ ਨੂੰ ਬਚਾਉਣ ਦੀ ਲੋੜ ਹੈ ਅਤੇ ਮੈਂ ਬੀਬੀ ਜਗੀਰ ਕੌਰ ਨੂੰ ਇਸ ਹਲਕੇ ਦੇ ਸੇਵਾਦਾਰ ਨਿਯੁਕਤ ਕਰ ਰਿਹਾ ਹਾਂ। ਉਨ੍ਹਾਂ ਕਿਹਾ ਕਿ ਜਿਵੇਂ ਮਾਣ-ਸਤਿਕਾਰ ਪਹਿਲਾਂ ਸੀ, ਇਸੇ ਤਰ੍ਹਾਂ ਅਕਾਲੀ ਦਲ ਦੇ ਵਰਕਰਾਂ ਨੇ ਮਿਲ ਕੇ ਚੋਣਾਂ ਲਈ ਕੰਮ ਕਰਨਾ ਹੈ। ਹੁਣ ਉਨ੍ਹਾਂ ਦੀ ਵਾਪਸੀ ਨੂੰ ਪੰਜਾਬ ਦੀ ਪੰ




ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243







ਸਰੀ ਤੇ ਟੋਰਾਂਟੋ ਵਿੱਚ ਗਰਮਾਇਆ ਮਾਹੌਲ, ਖਾਲਿਸਤਾਨ ਸਮਰਥਕ ਸਿੱਖ ਕਾਰਕੁਨਾਂ ਵੱਲੋਂ

ਭਾਰਤੀ ਕੌਂਸਲੇਟ ਦੀਆਂ ਗਤੀਵਿਧੀਆਂ ਖ਼ਿਲਾਫ਼ ਤਿੱਖਾ ਪ੍ਰਦਰਸ਼ਨ

ਨਿੱਝਰ ਕਤਲ ਮਾਮਲੇ 'ਚ ਕਾਰਵਾਈ ਦੀ ਮੰਗ

ਨਵੀਂ ਦਿੱਲੀ 15 ਨਵੰਬਰ (ਮਨਪ੍ਰੀਤ ਸਿੰਘ ਖਾਲਸਾ):– ਕੈਨੇਡਾ ਦੇ ਸਰੀ ਅਤੇ ਟੋਰਾਂਟੋ ਸ਼ਹਿਰਾਂ ਵਿੱਚ ਭਾਰਤੀ ਕੌਂਸਲੇਟ ਨਾਲ ਸਬੰਧਤ ਗਤੀਵਿਧੀਆਂ ਦੇ ਵਿਰੋਧ ਵਿੱਚ ਖਾਲਿਸਤਾਨ ਰੈਫਰੈਂਡਮ ਸਮਰਥਕਾਂ ਵੱਲੋਂ ਜ਼ੋਰਦਾਰ ਪ੍ਰਦਰਸ਼ਨ ਕੀਤੇ ਗਏ। ਸਰੀ ਦੇ ਰਿਵਰਸਾਈਡ ਬੈਂਕੁਇਟ ਹਾਲ ਅਤੇ ਟੋਰਾਂਟੋ ਦੇ ਲਕਸ਼ਮੀ ਨਾਰਾਇਣ ਮੰਦਰ ਦਾ ਹਵਾਲਾ ਦਿੰਦਿਆਂ, ਪ੍ਰਦਰਸ਼ਨਕਾਰੀਆਂ ਨੇ ਕੈਨੇਡਾ ਦੀ ਪ੍ਰਭੂਸੱਤਾ, ਸਿੱਖ ਕਾਰਕੁਨਾਂ ਦੀ ਸੁਰੱਖਿਆ ਅਤੇ ਕਥਿਤ ਵਿਦੇਸ਼ੀ ਦਖ਼ਲਅੰਦਾਜ਼ੀ ਖ਼ਿਲਾਫ਼ ਆਪਣੀ ਆਵਾਜ਼ ਬੁਲੰਦ ਕੀਤੀ। ਸਰੀ ਵਿਖੇ "ਕੈਨੇਡਾ ਦੀ ਪ੍ਰਭੂਸੱਤਾ ਸਭ ਤੋਂ ਉੱਪਰ ਹੈ" ਦੇ ਨਾਅਰੇ ਹੇਠ ਇਕੱਠੇ ਹੋਏ ਸਿੱਖ ਕਾਰਕੁਨਾਂ ਨੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਅਜੀਤ ਡੋਵਾਲ ਅਤੇ ਵਿਕਰਮ ਗੋਇਲ ਖ਼ਿਲਾਫ਼ ਜਾਂਚ ਅਤੇ ਸਖ਼ਤ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ। ਪ੍ਰਦਰਸ਼ਨਕਾਰੀਆਂ ਨੇ ਆਪਣਾ ਗੁੱਸਾ ਜ਼ਾਹਰ ਕਰਦਿਆਂ ਡੋਵਾਲ ਅਤੇ ਗੋਇਲ ਦੇ ਪੁਤਲਿਆਂ ਨੂੰ ਜੁੱਤੀਆਂ ਮਾਰੀਆਂ ਅਤੇ "ਸ਼ਹੀਦ ਨਿੱਝਰ ਦਾ ਕਤਲ ਕਿਸਨੇ ਕੀਤਾ ?" ਅਤੇ "ਜਾਗੋ, ਕਾਰਨੀ !" ਵਰਗੇ ਨਾਅਰਿਆਂ ਨਾਲ ਮਾਹੌਲ ਗਰਮਾ ਦਿੱਤਾ। ਇਸ ਮੌਕੇ ਪ੍ਰਦਰਸ਼ਨਕਾਰੀਆਂ ਵੱਲੋਂ ਇਹ ਦੋਸ਼ ਵੀ ਲਗਾਇਆ ਗਿਆ ਕਿ ਭਾਰਤੀ ਕੌਂਸਲਰ ਕੈਂਪਾਂ ਦੀ ਵਰਤੋਂ ਸਿੱਖ ਕਾਰਕੁਨਾਂ ਦੀ ਨਿਗਰਾਨੀ ਲਈ ਕੀਤੀ ਜਾ ਰਹੀ ਹੈ, ਜਿਸ ਦੀ ਕੈਨੇਡੀਅਨ ਅਧਿਕਾਰੀਆਂ ਵੱਲੋਂ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ। ਇਸ ਪ੍ਰਦਰਸ਼ਨ ਦੇ ਮੱਦੇਨਜ਼ਰ ਕੈਨੇਡੀਅਨ ਪੁਲਿਸ ਵੱਲੋਂ ਸਰੀ ਵਿੱਚ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਸਨ ਅਤੇ ਇਲਾਕੇ ਦੀ ਨਿਗਰਾਨੀ ਲਈ ਡਰੋਨਾਂ ਦੀ ਵੀ ਵਰਤੋਂ ਕੀਤੀ ਗਈ। ਪ੍ਰਦਰਸ਼ਨਕਾਰੀ ਆਗੂਆਂ ਨੇ ਕੈਨੇਡਾ ਦੀ ਕਾਰਨੀ ਸਰਕਾਰ ਨੂੰ ਸਿੱਧੀ ਅਪੀਲ ਕਰਦਿਆਂ ਕਿਹਾ ਕਿ ਦੇਸ਼ ਦੀ ਪ੍ਰਭੂਸੱਤਾ ਅਤੇ ਕਾਨੂੰਨ ਦੀ ਸਰਵਉੱਚਤਾ ਨੂੰ ਹਰ ਹਾਲ ਵਿੱਚ ਕਾਇਮ ਰੱਖਿਆ ਜਾਵੇ ਅਤੇ ਭਾਈ ਹਰਦੀਪ ਸਿੰਘ ਨਿੱਝਰ ਦੇ ਕਤਲ ਮਾਮਲੇ ਵਿੱਚ ਜਵਾਬਦੇਹੀ ਯਕੀਨੀ ਬਣਾਈ ਜਾਵੇ। ਇਸ ਰੋਸ ਮੁਜ਼ਾਹਰੇ ਵਿੱਚ ਗੁਰੂ ਨਾਨਕ ਸਿੱਖ ਗੁਰਦੁਆਰਾ ਤੋਂ ਭਾਈ ਨਰਿੰਦਰ ਸਿੰਘ ਰੰਧਾਵਾ, ਟੀਮ ਸ਼ਹੀਦ ਨਿੱਝਰ ਤੋਂ ਮਨਜਿੰਦਰ ਸਿੰਘ, ਭਾਈ ਜੈਗ ਸਿੱਧੂ, ਰਜਿੰਦਰ ਸਿੰਘ, ਭਾਈ ਮਨਜੀਤ ਸਿੰਘ, ਭਾਈ ਹਰਨੇਕ ਸਿੰਘ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਤੋਂ ਭਾਈ ਰਣਜੀਤ ਸਿੰਘ ਤੇ ਭਾਈ ਇੰਦਰਜੀਤ ਸਿੰਘ ਬੈਂਸ ਸਮੇਤ ਵੱਡੀ ਗਿਣਤੀ ਵਿੱਚ ਕਾਰਕੁਨ ਸ਼ਾਮਿਲ ਹੋਏ।

ਆਵਾਜ਼ਿ ਕੌਮ AWAZE QAUM International Newspaper & WEB TV






ਆਵਾਜ਼ਿ ਕੌਮ AWAZE QAUM
International Newspaper & WEB TV

ੴ

ਧੰਨ-ਧੰਨ ਸੰਤ ਗਿਆਨੀ ਜ਼ਰਨੈਲ ਸਿੰਘ ਜੀ
ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ

ਸੱਚਖੰਡਵਾਸੀ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ

ਮੌਕੇ ਵਿਸ਼ਾਲ ਗੁਰਮਤਿ ਸਮਾਗਮ



ਸਿੱਖ ਕੌਮ ਦੀ ਮਹਾਨ ਸ਼ਖਸੀਅਤ, ਸੰਤ ਗਿਆਨੀ ਜ਼ਰਨੈਲ ਸਿੰਘ ਜੀ ਖ਼ਾਲਸਾ ਭਿੰਡਰਾਂਵਾਲਿਆਂ ਦੇ ਸਤਿਕਾਰਯੋਗ ਪਿਤਾ ਜੀ ਬਾਬਾ ਜੋਗਿੰਦਰ ਸਿੰਘ ਜੀ ਦੀ 33ਵੀਂ ਬਰਸੀ ਸ਼ਰਧਾ, ਸਤਿਕਾਰ ਅਤੇ ਪੂਰਨ ਗੁਰਮਰਿਆਦਾ ਅਨੁਸਾਰ ਮਨਾਈ ਜਾ ਰਹੀ ਹੈ।

ਇਸ ਪਾਵਨ ਮੌਕੇ ਗੁਰਦੁਆਰਾ ਸੰਤ ਖ਼ਾਲਸਾ, ਪਿੰਡ ਰੋਡੇ, ਜ਼ਿਲ੍ਹਾ ਮੋਗਾ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਜਾਵੇਗਾ। ਇਸ ਮੌਕੇ ਸਮੂਹ ਸੰਗਤਾਂ ਨੂੰ ਗੁਰੂ ਜਸ ਸਰਵਣ ਕਰਨ ਅਤੇ ਬਾਬਾ ਜੀ ਨੂੰ ਸ਼ਰਾਧਾ ਦੇ ਫੁੱਲ ਭੇਟ ਕਰਨ ਲਈ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦੀ ਸਨਿਮਰ ਬੇਨਤੀ ਕੀਤੀ ਜਾਂਦੀ ਹੈ।

ਸਮਾਗਮ ਦਾ ਵੇਰਵਾ:

ਮਿਤੀ:
18 ਨਵੰਬਰ 2026
ਦਿਨ ਬੁੱਧਵਾਰ

ਸਮਾਂ:
ਸਵੇਰੇ 10 ਵਜੇ ਤੋਂ
ਦੁਪਹਿਰ 3 ਵਜੇ ਤੱਕ

ਸਥਾਨ:
ਗੁਰਦੁਆਰਾ ਸੰਤ ਖ਼ਾਲਸਾ,
ਪਿੰਡ ਰੋਡੇ, ਜ਼ਿਲ੍ਹਾ ਮੋਗਾ।

ਸਮੂਹ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਬੇਨਤੀ ਹੈ ਕਿ ਇਸ ਸ਼ਰਧਾ ਅਤੇ ਸਤਿਕਾਰ ਨਾਲ ਮਨਾਏ ਜਾ ਰਹੇ ਸਮਾਗਮ ਵਿੱਚ ਪਰਿਵਾਰਾਂ ਸਮੇਤ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਅਤੇ ਆਪਣੀ ਹਾਜ਼ਰੀ ਲਗਵਾਉਣ.

ਵੱਲੋਂ: ਸਮੂਹ ਬਾਬਾ ਪਰਿਵਾਰ ਅਤੇ ਨਗਰ ਪੰਚਾਇਤਾਂ

ਆਵਾਜ਼ਿ ਕੌਮ AWAZE QAUM International Newspaper & WEB TV

TPU - THE PANJAB UNIVERSE

LEARN | TRADE | GROW | EARN FOR LIFE

ਸਿੱਖੋ ਟਰੇਡਿੰਗ, ਬਦਲੋ ਆਪਣੀ ਜ਼ਿੰਦਗੀ

ਸਾਡੀਆਂ ਸੇਵਾਵਾਂ:

- 100% ਪ੍ਰੈਕਟੀਕਲ ਟਰੇਡਿੰਗ
- ਲਾਈਵ ਮਾਰਕੀਟ ਸਿਖਲਾਈ
- ਬਿਗਨਰ ਤੋਂ ਐਡਵਾਂਸ ਲੈਵਲ ਤੱਕ
- ਇਨਕਿਊਬੇਟਰ ਗਾਈਡੈਂਸ
- ਲਾਈਫ ਟਾਈਮ ਸਪੋਰਟ

ਕੋਰਸ ਵਿੱਚ ਸ਼ਾਮਲ:

- ਇੰਟਰਾਡੇ
- ਸਵਿੰਗ
- ਆਪਸ਼ਨ
- ਸਟਾਕ ਮਾਰਕੀਟ ਬੇਸਿਕ ਤੋਂ ਐਡਵਾਂਸ
- ਰਿਸਕ ਮੈਨੇਜਮੈਂਟ
- ਇਨਵੈਸਟਮੈਂਟ ਸਟ੍ਰੈਟਜੀ
- ਪ੍ਰੈਕਟੀਕਲ ਟਰੇਡਿੰਗ ਸਿਸਟਮ

ਆਵਾਜ਼ਿ ਕੌਮ AWAZE QAUM International Newspaper & WEB TV

ਆਪਣੇ ਹੁਨਰ ਨੂੰ ਪੈਸ਼ੇ ਵਿੱਚ ਬਦਲੋ

ਘਰ ਬੈਠੇ ਡਾਲਰ ਕਮਾਓ - ਆਪਣੇ ਬੱਚਿਆਂ ਨੂੰ ਵੀ
ਸ਼ਿਖਾ ਸਕਦੇ ਹੋ, ਉਹਨਾਂ ਦਾ ਭਵਿੱਖ ਸਵਾਰ ਸਕਦੇ ਹੋ

+91 76961 59766

Instagram: thepanjabuniverse / the.panjabuniverse (ਜਲੰਧਰ)

ਸਾਡਾ ਪਤਾ: Lambra near Jalandhar

ਮੱਘਰ ਚੜ੍ਹੇ ਜੋ ਸਰਦੀ ਹੋਈ...

ਲੇਖਕ
ਆਸਾ ਸਿੰਘ ਘੁਮਾਣ



ਪੰਜਾਬ ਵਿਚ ਮੱਘਰ ਦੇ ਮਹੀਨੇ ਤੱਕ ਕਾਫੀ ਠੰਢ ਹੋ ਜਾਂਦੀ ਹੈ। ਤਾਪਮਾਨ ਘੱਟੋ ਘੱਟ 8 ਡਿਗਰੀ ਅਤੇ ਵੱਧ ਤੋਂ ਵੱਧ 25 ਡਿਗਰੀ ਸੈਲਸੀਅਸ ਤੱਕ ਡਿੱਗ ਪੈਂਦਾ ਹੈ। ਮੱਘਰ ਦੀ ਸੰਗਰਾਂਦ ਨੂੰ ਸੂਰਜ ਸਵੇਰੇ 7 ਕੁ ਵਜੇ ਚੜ੍ਹਦਾ ਹੈ ਅਤੇ ਸ਼ਾਮ ਨੂੰ 5, 5:30 ਦੇ ਕਰੀਬ ਡੁੱਬਦਾ ਹੈ। ਇਸ ਤਰ੍ਹਾਂ ਇਸ ਮਹੀਨੇ ਦੀਆਂ ਰਾਤਾਂ ਸਾਢੇ ਤੇਰਾਂ ਘੰਟੇ ਦੇ ਕਰੀਬ ਹੁੰਦੀਆਂ ਹਨ। ਕੇਸ਼ਵ ਦਾਸ ਇਸ ਮਹੀਨੇ ਦਾ ਰਿਤੂ-ਚਿਤਰਨ ਕਰਦਿਆਂ ਲਿਖਦਾ ਹੈ, "ਮੱਘਰ ਦਾ ਮਹੀਨਾ ਸਿਆਲ ਆਉਣ ਦੀ ਸੂਚਨਾ ਦਿੰਦਾ ਹੈ। ਦਿਨ ਛੋਟੇ ਹੋ ਜਾਂਦੇ ਹਨ ਤੇ ਰਾਤਾਂ ਲੰਮੀਆਂ। ਆਕਾਸ਼ ਦਾ ਰੰਗ ਨਿਖਰਿਆ ਹੋਇਆ ਨੀਲਾ ਹੋ ਜਾਂਦਾ ਹੈ। ਹਵਾ ਚੁੰਡੀਆਂ ਭਰਨ ਲੱਗ ਜਾਂਦੀ ਹੈ। ਸਿਆਲੇ ਦੀ ਚੜ੍ਹਤਲ ਤੋਂ ਡਰਦੇ ਦਰਿੰਦੇ ਖੁੰਜੇ ਅਤੇ ਘੁਰਨੇ ਤਲਾਸ਼ ਕਰਨ ਲਗਦੇ ਹਨ। ਤੀਵੀਆਂ ਸਰਦੀਆਂ ਦੀ ਤਿਆਰੀ ਲਈ ਰਜਾਈਆਂ ਨਗੰਦਦੀਆਂ ਹਨ। ਇਸ ਰੁੱਤ ਵਿਚ ਅਸਮਾਨ ਨੀਲੀ ਭਾਅ ਮਾਰਦਾ ਹੈ ਅਤੇ ਉਸ ਉਤੇ ਬੱਦਲਾਂ ਦੀ ਇਕ ਟਾਕੀ ਤੱਕ ਨਹੀਂ ਹੁੰਦੀ। ਪਹਾੜਾਂ ਵੱਲੋਂ ਠੱਕਾ ਚੱਲਦਾ ਹੈ। ਮਨੁੱਖ ਤਾਂ ਕੀ, ਪਸੂ ਵੀ ਢਾਰਿਆਂ ਦਾ ਨਿੱਘ ਭਾਲਦੇ ਹਨ। ਜਿਉਂ-ਜਿਉਂ ਸਰਦੀ ਦਾ ਜ਼ੋਰ ਵਧਦਾ ਹੈ, ਕਚਨਾਰਾਂ ਦੇ ਪੱਤਰ ਝੜਦੇ ਹਨ ਅਤੇ ਟਾਹਣੀਆਂ ਨੰਗੀਆਂ ਤੇ ਬੁੱਚੀਆਂ ਹੋ ਜਾਂਦੀਆਂ ਹਨ। ਖ੍ਰਿਦਾਬਨ ਦੀਆਂ ਉਨ੍ਹਾਂ ਨਹਾਉਂਦੀਆਂ ਗੋਪੀਆਂ ਵਾਂਗ ਜਿਨ੍ਹਾਂ ਦੇ ਕੱਪੜਿਆਂ ਨੂੰ ਮਨਹਰ-ਦੇਵ ਗੋਵਿੰਦ ਚੁਰਾ ਕੇ ਲੈ ਗਿਆ ਹੋਵੇ।"

ਮੱਘਰ ਮਹੀਨੇ ਕੋਈ ਖਾਸ ਤਿਉਹਾਰ ਨਹੀਂ ਮਨਾਇਆ ਜਾਂਦਾ ਤੇ ਨਾ ਹੀ ਕੋਈ ਮੇਲਾ ਵਗੈਰਾ ਭਰਦਾ ਹੈ। ਸ਼ਾਇਦ ਇਹ ਮਹੀਨਾ ਵਿਆਹ ਸ਼ਾਦੀਆਂ ਲਈ ਵਿਹਲਾ ਛੱਡਿਆ ਹੋਵੇ। ਮੌਸਮ ਪੱਖੋਂ ਇਹ

ਆਵਾਜ਼ ਕੌਮ
AWAZE QAUM
International Newspaper & WEB TV

ਮਹੀਨਾ ਵਿਆਹਾਂ ਦੇ ਬਹੁਤ ਅਨੁਕੂਲ ਹੈ। ਚੀਜ਼ਾਂ ਵਸਤਾਂ ਖਰਾਬ ਨਹੀਂ ਹੁੰਦੀਆਂ, ਖੇਤੀਬਾੜੀ ਤੋਂ ਵੀ ਵਿਹਲ ਹੁੰਦੀ ਹੈ। ਮੇਲ-ਮਿਲਾਪ ਵੀ ਨਿੱਘ ਦਿੰਦਾ ਹੈ ਅਤੇ ਸੁਭਾਗ ਜੋੜੀ ਨੂੰ ਪ੍ਰਾਈਵੇਸੀ ਹੰਢਾਉਣ ਲਈ ਅਤੇ ਮਹਿਮਾਨ ਨਿਵਾਜ਼ੀ ਲਈ ਅਗਲੇ ਤਿੰਨ ਮਹੀਨੇ ਅਨੁਕੂਲ ਮੌਸਮ ਮਿਲ ਜਾਂਦਾ ਹੈ। ਵੈਸੇ ਵੀ ਅੱਗੇ ਪੋਹ-ਮਾਘ ਵਿਚ ਜ਼ਿਆਦਾ ਸਰਦੀ ਹੋ ਜਾਂਦੀ ਹੈ, ਇਸ ਲਈ ਵਿਆਹ-ਸ਼ਾਦੀਆਂ ਦਾ ਪ੍ਰਬੰਧ ਕਰਨਾ ਅਤੇ ਮਹਿਮਾਨਾਂ ਦੇ ਰਹਿਣ ਲਈ ਇੰਤਜ਼ਾਮ ਕਰਨਾ ਔਖਾ ਹੁੰਦਾ ਹੈ।

ਲੋਕ ਨਿਸ਼ਚਾ ਰਿਹਾ ਹੈ ਕਿ ਮੱਘਰ ਮਹੀਨੇ ਵਿਆਹ ਕਰਨ ਵਾਲੇ ਦੋਸਤੀ ਭਰੀ ਦੀਰਘ-ਆਯੂ ਭੋਗਦੇ ਹਨ ਅਤੇ ਸੰਤਾਨ ਦਾ ਅਨੰਦ ਪ੍ਰਾਪਤ ਕਰਦੇ ਹਨ। ਐਨ. ਆਰ. ਆਈ. ਪੰਜਾਬੀ ਵੀ ਇਨ੍ਹੀਂ ਦਿਨੀਂ ਵਤਨ ਮੁੜਨੇ ਸ਼ੁਰੂ ਹੋ ਜਾਂਦੇ ਹਨ। ਮੈਰਿਜ ਪੈਲੇਸਾਂ ਅਤੇ ਬਾਜ਼ਾਰਾਂ ਵਿਚ ਖੂਬ ਭੀੜ ਹੋਣ ਲੱਗਦੀ ਹੈ। ਸਾਰੇ ਪਾਸੇ ਵਿਆਹ ਰਚਿਆ ਲੱਗਦਾ ਹੈ: ਕੱਪੜੇ ਦੀਆਂ ਦੁਕਾਨਾਂ 'ਤੇ, ਬੂਟੀਕਾਂ 'ਤੇ, ਬਿਊਟੀ ਪਾਰਲਰਾਂ 'ਤੇ, ਸੁਨਿਆਰਿਆਂ ਦੀਆਂ ਦੁਕਾਨਾਂ 'ਤੇ।

ਸਰਦੀਆਂ ਦੇ ਮੌਸਮ ਵਿਚ ਸਰਦੀ ਤੋਂ ਬਚਾਅ ਲਈ ਮੋਟੇ ਕੱਪੜੇ ਪਹਿਨੇ ਜਾਂਦੇ ਹਨ। ਲੋਕ ਵੰਨ-ਸੁਵੰਨੇ ਰੰਗਾਂ ਦੇ ਸਵੈਟਰ, ਜਰਸੀਆਂ, ਕੋਟੀਆਂ, ਕੋਟ-ਪੈਂਟ ਵਗੈਰਾ ਪਹਿਨੀ ਸਿਹਤਮੰਦ ਨਜ਼ਰ ਆਉਂਦੇ ਹਨ। ਕੁਝ ਸਾਲ ਪਹਿਲਾਂ ਤਾਂ ਮੱਘਰ ਦੀ ਤਿਆਰੀ ਵਜੋਂ ਕੱਤੇ ਵਿਚ ਹੀ ਮਨਿਆਰੀ ਦੀਆਂ ਦੁਕਾਨਾਂ 'ਤੇ ਕਈ ਰੰਗਾਂ ਦੀ ਉਨ ਦੇ ਢੇਰ ਲੱਗ ਜਾਂਦੇ ਸਨ। ਔਰਤਾਂ ਖੁਦ ਸਵੈਟਰ, ਜਰਸੀਆਂ, ਕੋਟੀਆਂ, ਮਫਲਰ, ਦਸਤਾਨੇ ਆਦਿ ਬੁਣਦੀਆਂ ਸਨ। ਧਿਆਨ ਕਿਸੇ ਹੋਰ ਪਾਸੇ ਰੱਖਦਿਆਂ ਵੀ ਬੁਣਾਈ ਕਰੀ ਜਾਂਦੀਆਂ ਔਰਤਾਂ ਦੀ ਕਲਾ ਦੇਖ ਕੇ ਹੈਰਾਨੀ ਹੁੰਦੀ ਸੀ। ਇਕ ਸਮਾਂ ਆਇਆ, ਜਦੋਂ ਸਕੂਲਾਂ ਵਿਚ ਪੜ੍ਹਾਉਂਦੀਆਂ 'ਭੈਣਜੀਆਂ' ਬੱਸ ਵਿਚ ਸਫਰ ਕਰਦਿਆਂ ਜਾਂ ਸਕੂਲ ਵਿਚ ਡਿਊਟੀ ਟਾਈਮ ਵਿਚ ਹੀ ਸਵੈਟਰ ਬੁਣੀ ਜਾਂਦੀਆਂ ਸਨ। ਸਮਾਂ ਬੜੀ ਤੇਜ਼ੀ ਨਾਲ ਬਦਲਿਆ ਹੈ, ਹੁਣ ਤਾਂ ਹਰ ਕੋਈ ਰੈਡੀਮੇਡ ਸਵੈਟਰ, ਜਰਸੀਆਂ, ਕੋਟ-ਪੈਂਟ ਖਰੀਦਦਾ ਹੈ। ਸਰਦੀਆਂ ਵਿਚ ਜਿਥੇ ਮਰਦ ਲੋਕ ਫੱਬ-ਫੱਬ ਪੈਂਦੇ ਹਨ, ਉਥੇ ਔਰਤਾਂ ਨੂੰ ਸਰਦੀਆਂ ਨਾਲ ਖਾਸ ਚਿੜ ਰਹੀ ਹੈ, ਕਿਉਂਕਿ ਸ਼ਾਲ ਵਗੈਰਾ ਲੈਣ ਨਾਲ ਉਨ੍ਹਾਂ ਦਾ ਜਿਸਮਾਨੀ ਰੋਅਬ ਮਾਰਿਆ ਜਾਂਦਾ ਹੈ। ਇਹੀ ਵਜ੍ਹਾ ਹੈ ਕਿ ਔਰਤਾਂ ਵਿਚ ਅੱਜ ਕੱਲ੍ਹ ਸ਼ਾਲ ਲੈਣ ਦਾ ਰੁਝਾਨ ਘਟਿਆ ਹੈ ਅਤੇ ਇਨਰ-ਵੀਅਰ ਜਾਂ ਵਾਰਮ-ਵੀਅਰ ਦਾ ਰਿਵਾਜ ਵਧਿਆ ਹੈ।

ਕੱਤਕ ਵਿਚ ਤਿਆਰ ਕੀਤੀਆਂ ਅਤੇ ਨਗੰਦੀਆਂ ਰਜਾਈਆਂ-ਤਲਾਈਆਂ ਮੱਘਰ ਮਹੀਨੇ ਬੜੇ ਚਾਵਾਂ ਨਾਲ ਲਈਆਂ ਜਾਂਦੀਆਂ ਹਨ। ਪੋਲੀਆਂ-ਪੋਲੀਆਂ ਤਲਾਈਆਂ ਅਤੇ ਨਿੱਘੀਆਂ-ਨਿੱਘੀਆਂ ਰਜਾਈਆਂ ਗੁਦਗੁਦਾ ਅਹਿਸਾਸ ਪੈਦਾ ਕਰਦੀਆਂ ਹਨ। ਰਜਾਈਆਂ ਤਿਆਰ ਕਰਨ ਦਾ ਕੰਮ ਵੀ ਬੜਾ ਦਿਲਚਸਪ ਹੁੰਦਾ ਹੈ। ਹਰ ਔਰਤ ਇਹ ਕੰਮ ਨਹੀਂ ਕਰ ਸਕਦੀ। ਇਹ ਵੀ ਕਲਾ ਹੁੰਦੀ ਹੈ। ਅੱਜ ਕੱਲ੍ਹ ਤਾਂ ਰਜਾਈਆਂ ਰੈਡੀਮੇਡ ਮਿਲ ਜਾਂਦੀਆਂ ਹਨ ਅਤੇ ਰਜਾਈਆਂ ਭਰਾਉਣ ਵਾਲੀਆਂ ਦੁਕਾਨਾਂ ਵੀ ਉਪਲਬਧ ਹਨ, ਪਰ ਕੁਝ ਕੁ ਸਾਲ ਪਹਿਲਾਂ ਤੱਕ ਪਿੰਡਾਂ ਵਿਚ ਇਹ ਕਾਰਜ ਬੀਬੀਆਂ ਰਲ-ਮਿਲ ਕੇ ਕਰਦੀਆਂ ਸਨ। ਰੂੰ-ਪਿੰਜਣੀ ਮਸ਼ੀਨ 'ਤੇ ਰੂੰ ਅਤੇ ਰਜਾਈ ਦੇ ਪੱਲੇ ਲਿਜਾ ਕੇ ਉਥੇ ਹੀ ਮੋਟੇ-ਮੋਟੇ ਨਰੰਦੇ ਮਾਰ ਲਏ ਜਾਂਦੇ ਤਾਂ ਕਿ ਰੂੰ ਇਕੱਠਾ ਨਾ ਹੋ ਜਾਵੇ। ਬਾਅਦ ਵਿਚ ਘਰ ਲਿਆ ਕੇ ਉਨ੍ਹਾਂ ਨੂੰ ਸਹੀ ਤਰ੍ਹਾਂ ਨਰੰਦ ਲਿਆ ਜਾਂਦਾ। ਅੱਜ ਕੱਲ੍ਹ ਭਾਵੇਂ ਬੜੀ ਅੱਛੀ ਕੁਆਲਿਟੀ ਦੇ ਕੰਬਲ ਆ ਗਏ ਹਨ, ਪਰ ਰਜਾਈ ਵਾਲਾ ਅਨੰਦ ਤਾਂ ਰਜਾਈ ਵਿਚ ਹੀ ਆਉਂਦਾ ਹੈ।

ਇਸ ਰੁੱਤ ਵਿਚ ਸੰਜੋਗ ਅਤੇ ਵਿਯੋਗ ਦੀਆਂ ਭਾਵਨਾਵਾਂ ਸਦਾ ਭਾਰੂ ਰਹੀਆਂ ਹਨ। ਇਕ ਤਾਂ ਰਾਤਾਂ ਲੰਮੀਆਂ ਹੁੰਦੀਆਂ ਹਨ, ਦੂਜਾ ਛੇਤੀ ਹੀ ਲੋਕੀਂ ਅੰਦਰੀਂ ਵੜ ਜਾਂਦੇ ਹਨ ਅਤੇ ਦਿਨ ਚੜ੍ਹੇ ਰਜਾਈਆਂ ਵਿਚੋਂ ਨਿਕਲਦੇ ਹਨ। ਇਹ ਰੁੱਤ ਉਨ੍ਹਾਂ ਲਈ ਬੜੀ ਭਾਰੂ ਹੁੰਦੀ ਹੈ ਜੋ ਇਕਲਾਪਾ ਹੰਢਾ ਰਹੇ ਹੋਣ। ਵਿਯੋਗਣ ਲਈ ਸਰਦੀਆਂ ਡਾਢੀਆਂ ਦੁਖਦਾਈ ਹੁੰਦੀਆਂ ਹਨ। ਸਾਂਝੇ ਪਰਿਵਾਰਾਂ ਵਿਚ ਕਈ ਵਾਰ ਹੋਰ ਵੀ ਔਖੇਰਾ ਹੋ ਜਾਂਦਾ ਹੈ, ਕਿਉਂਕਿ ਪਰਿਵਾਰ ਵਿਚ ਆਪੋ-ਆਪਣੇ ਜੁੱਟ ਹੁੰਦੇ ਹਨ- ਸੱਸ-ਸਹੁਰੇ ਦਾ, ਜੇਠ-ਜਠਾਣੀ ਦਾ, ਦਿਉਰ-ਦਰਾਣੀ ਦਾ, ਪਿਉ-ਪੁੱਤਰ ਦਾ, ਮਾਂਵਾਂ-ਧੀਆਂ ਦਾ। ਪੁਰਾਣੇ ਸਮਿਆਂ ਵਿਚ ਜਦੋਂ ਬਿਜਲੀ ਨਹੀਂ ਸੀ ਹੁੰਦੀ, ਸਿਆਲ ਦੀਆਂ ਰਾਤਾਂ ਹੋਰ ਵੀ ਡਰਾਉਣੀਆਂ ਹੋ ਜਾਂਦੀਆਂ ਸਨ। ਅੱਜ ਕੱਲ੍ਹ ਬਿਜਲੀ ਅਤੇ ਟੈਲੀਵਿਜ਼ਨ ਨੇ ਜ਼ਿੰਦਗੀ ਦੀ ਰਹਿਤਲ ਵੱਡੀ ਹੱਦ ਤੱਕ ਬਦਲ ਦਿੱਤੀ ਹੈ। ਮੋਬਾਈਲ ਅਤੇ ਇੰਟਰਨੈਟ ਨੇ ਵੀ ਵੱਡਾ ਇਨਕਲਾਬ ਲੈ ਆਂਦਾ ਹੈ। ਹੁਣ ਪਰਦੇਸਣਾਂ ਪਹਿਲਾਂ ਜਿੰਨਾ ਉਦਾਸ ਤੇ ਨਿਰਾਸ਼ ਨਹੀਂ ਹੁੰਦੀਆਂ।

ਪੰਜਾਬੀ ਸਾਹਿਤ ਵਿਚ ਬਾਰਹਮਾਹ ਰਚਨਾ ਵਿਚ ਮੱਘਰ ਮਹੀਨਾ ਦੁਖਦਾਈ ਵਿਛੋੜੇ ਦਾ ਮਹੀਨਾ ਹੈ। ਵਿਯੋਗਣ ਰੋਂਦੀ ਹੈ, ਤੜਫਦੀ ਹੈ, ਹਾੜ੍ਹੇ ਕੱਢਦੀ ਹੈ, ਮਰਨ ਨੂੰ ਫਿਰਦੀ ਹੈ :

ਮਘਰਿ ਮੈਂ ਪਾਰਿ ਮਿਤ੍ਰ ਨਾਂ ਜਾਂਦਾ
ਰਾਖਸ਼ ਨੇਹੁ ਹੱਡਾਂ ਨੂੰ ਖਾਂਦਾ। (ਬੁੱਲੇ ਸ਼ਾਹ)

-

ਮੈਨੂੰ ਮੱਘਰ ਆਇ ਡਰਾਵੰਦਾ ਏ
ਬਾਝ ਸਾਈਂ ਥਰੇ ਥਰ ਕੰਬਨੀ ਹਾਂ। (ਸ਼ਾਹ ਮੁਰਾਦ)

-

ਮੱਘਰ ਕਰੇ ਬੜਾ ਤੰਗ, ਲਗਾ ਤਨ ਸੀਤ
ਕਿ ਫਰਿਆ ਅੰਗ, ਮੇਰਾ ਰੰਗ ਭਇਆ ਬਦਰੰਗ। (ਬਰਖੁਰਦਾਰ)

-

ਸੀਤ ਸੁਹਾਣੀ ਸਰਦ ਰੁੱਤ
ਮੱਘਰ ਮੋ ਗਰਿ ਨਾਹੀ ਕੰਤ। (ਕੇਸਰ ਸਿੰਘ)

-

ਮੱਘਰ ਚੜ੍ਹੇ ਜੋ ਸਰਦੀ ਹੋਈ
ਬੰਦੀ ਖ੍ਰਿਹੋਂ ਨੇ ਬੰਨ ਪਰੋਈ। (ਗੁਲਾਮ ਹੁਸੈਨ)

-

ਚੜ੍ਹੇ ਮਘਰ ਹੋਈ ਨਿਰਾਸ਼
ਟੁੱਟ ਗਈ ਆਸ
ਪ੍ਰੀਤਾ ਮਾਸ, ਸਮੇਂ ਦੇ ਤੀਰ ਨੇ। (ਫਜ਼ਲ ਸ਼ਾਹ)

ਸੋ, ਲੰਮੀਆਂ ਰਾਤਾਂ ਅਤੇ ਠੰਢ ਦਾ ਵਰਤਾਰਾ ਵਿਯੋਗ ਦੇ ਦਰਦ ਨੂੰ ਜ਼ਿਆਦਾ ਪ੍ਰਚੰਡ ਕਰ ਦਿੰਦਾ ਹੈ। ਉਂਜ ਪਹਿਲੇ ਵੇਲਿਆਂ ਵਿਚ ਪੰਜਾਬਣਾਂ ਇਨ੍ਹਾਂ ਲੰਮੀਆਂ ਰਾਤਾਂ ਦਾ ਫਾਇਦਾ ਤ੍ਰਿੰਜਣ ਬਿਠਾ ਕੇ ਲੈ ਲੈਂਦੀਆਂ ਸਨ। ਹਿੰਮਤੀ ਔਰਤਾਂ ਤੇ ਜੁਆਨ ਕੁੜੀਆਂ ਟਾਈਮ ਨਾਲ ਹੀ ਕਿਸੇ ਖੁੱਲ੍ਹੇ ਘਰ ਵਿਚ ਚਰਖੇ ਡਾਹ ਲੈਂਦੀਆਂ ਤੇ ਜ਼ਿਦ ਨਾਲ ਕੱਤਦੀਆਂ। ਇਸ ਮਹੀਨੇ ਕਪਾਹ ਨਵੀਂ-ਨਵੀਂ ਆਈ ਹੁੰਦੀ ਸੀ। ਕੱਤਣ ਲਈ ਮੌਸਮ ਅਨੁਕੂਲ ਹੁੰਦਾ ਸੀ, ਕਿਉਂਕਿ ਸਿੱਲ ਦਾ ਮੌਸਮ ਲੰਘ ਚੁਕਾ ਹੁੰਦਾ ਹੈ।

ਸਰੋਜਨੀ ਨਾਇਡੂ ਨੇ ਕਿਤੇ ਲਿਖਿਆ ਸੀ, "ਸਦੀਆਂ ਤੋਂ ਕਵੀ ਚਰਖੇ ਤੇ ਖੱਡੀ ਦੀ ਉਪਮਾ ਦਿੰਦੇ ਆ ਰਹੇ ਹਨ। ਹੋਣੀ ਆਪਣੇ ਚਰਖੇ ਉਤੇ ਤੰਦਾਂ ਕੱਢ ਕੱਢ ਮਨੁੱਖ ਦੀ ਕਿਸਮਤ ਉਣ ਰਹੀ ਹੈ।" ਤਕਲੇ ਵਿਚੋਂ ਨਿਕਲ ਰਹੀ ਤੰਦ ਨਿਰੰਤਰ ਸਿਰਜਣਾ ਦੀ ਪ੍ਰਤੀਕ ਹੈ। ਸੂਫੀ ਕਵੀ ਸ਼ਾਹ ਹੁਸੈਨ ਜੁਆਨ ਕੁੜੀ ਦੇ ਕੱਤਣ ਦੀ ਉਪਮਾ ਨੂੰ ਅਧਿਆਤਮਕਤਾ ਨਾਲ ਜੋੜਦਿਆਂ ਵਕਤ ਸਿਰ ਆਪਣੇ ਫਰਜ਼ ਪੂਰੇ ਕਰਨ ਲਈ ਕਹਿੰਦਾ ਹੈ:

ਕੁਝ ਕੱਤ ਕੁੜੇ, ਕੁਝ ਵੱਟ ਕੁੜੇ
ਛੱਲੀ ਲਾਹ ਭਰੋਟੇ ਅੱਟ ਕੁੜੇ।
ਜੇ ਪੂਣੀ ਪੂਣੀ ਕੱਤੇਂਗੀ
ਤਾਂ ਨੰਗੀ ਮੂਲ ਨ ਵੱਤੇਂਗੀ।

ਪੰਜਾਬਣ ਮੁਟਿਆਰ ਲਈ ਚਰਖਾ ਉਦਯੋਗਿਕ ਇਕਾਈ ਰਿਹਾ ਹੈ, ਕਲਾ ਰਿਹਾ ਹੈ, ਸਭਿਅਤਾ ਦੀ ਤੋਰ ਰਿਹਾ ਹੈ ਅਤੇ ਸਭਿਆਚਾਰ ਦਾ ਚਲਦਾ ਚੱਕਰ ਰਿਹਾ ਹੈ। ਚਰਖੇ ਨਾਲ ਬਹੁਤ ਹਾਵ-ਭਾਵ ਜੁੜੇ-ਪੁੜੇ ਹਨ। ਚਰਖਾ ਚਲਾਉਣਾ ਅਤੇ ਉਸ ਵਿਚੋਂ ਬਾਰੀਕ ਤੰਦ ਕੱਢਣਾ ਅਤੇ ਨਾਲ ਹੀ ਗਲੋਟਾ ਬਣਾ ਕੇ ਉਸ ਨੂੰ ਉਤਾਰ ਲੈਣਾ, ਕਾਮਲ ਦੀ ਕਲਾ ਸੀ ਜੋ ਸਿਰਫ ਦੇਖਣ ਨਾਲ ਹੀ ਸਮਝ ਪੈ ਸਕਦੀ ਹੈ। ਇਹ ਕੇਵਲ ਸੁਚੱਜੀ ਦੇ ਹਿੱਸੇ ਆਈ ਕਲਾ ਹੈ, ਕੁਚੱਜੀ ਦੇ ਵੱਸ ਦੀ ਗੱਲ ਨਹੀਂ। ਪੰਜਾਬਣ ਨੂੰ ਮਾਣ ਹੁੰਦਾ ਸੀ ਆਪਣੀ ਕੱਤਣੀ 'ਤੇ, ਆਪਣੇ ਚਰਖੇ 'ਤੇ, ਆਪਣੀ ਕੱਢੀ ਲੰਮੀ ਬਾਰੀਕ ਤੰਦ 'ਤੇ। ਅੱਜ ਚਰਖਾ ਭਾਵੇਂ ਨੁਮਾਇਸ਼ ਦੀ ਚੀਜ਼ ਬਣ ਗਿਆ ਹੈ, ਪਰ ਇਹ ਸੱਚ-ਮੁੱਚ ਹੀ ਪੰਜਾਬ ਦੇ ਸਭਿਆਚਾਰ ਦਾ ਪ੍ਰਤੀਕ ਕਿਹਾ ਜਾ ਸਕਦਾ ਹੈ।

ਚਰਖਾ ਬਣਾਉਣ ਵਾਲਾ ਤਰਖਾਣ ਵੀ ਚਰਖਾ ਬਣਾਉਣ ਵਿਚ ਆਪਣੀ ਕਲਾ ਦਿਖਾਉਂਦਾ ਸੀ। ਚਰਖਾ ਦਾਜ ਵਿਚ ਬੜੇ ਉਚੇਚ ਨਾਲ ਦਿੱਤਾ ਜਾਂਦਾ ਸੀ ਜੋ ਅਕਸਰ ਕਈ ਰੰਗਾਂ-ਢੰਗਾਂ ਨਾਲ ਸ਼ਿੰਗਾਰਿਆ ਹੁੰਦਾ ਸੀ। ਦਾਜ ਦਾ ਚਰਖਾ ਕਈ ਸੰਵੇਦਨਾਵਾਂ ਦਾ ਆਧਾਰ ਹੁੰਦਾ ਸੀ:

ਮਾਂ ਮੇਰੀ ਨੇ ਚਰਖਾ ਭੇਜਿਆ
ਪੀੜ੍ਹੀ ਘੜਾ ਦੇ ਤੂੰ।
ਵੇ ਸਾਰੀ ਰਾਤ ਕਤਿਆ ਕਰੂੰ
ਕੱਤਿਆ ਕਰੂੰ ਤੇਰੀ ਰੂੰ।

ਤ੍ਰਿੰਜਣ ਭਾਵੇਂ ਮਿਹਨਤ ਵਾਲਾ ਕੰਮ ਹੋਣ ਕਰ ਕੇ ਜੁਆਨ ਕੁੜੀਆਂ ਹੀ ਬਿਠਾਉਂਦੀਆਂ, ਪਰ ਉਨ੍ਹਾਂ ਵਿਚ ਕੁਝ ਸਿਆਣੀ ਉਮਰ ਦੀਆਂ ਔਰਤਾਂ ਵੀ ਜ਼ਰੂਰ ਹੁੰਦੀਆਂ ਸਨ ਤਾਂ ਕਿ ਜੁਆਨੀ 'ਤੇ ਨਜ਼ਰ ਰੱਖੀ ਜਾ ਸਕੇ। ਕੱਤਣ ਦਾ ਅਸਲੀ ਮਜ਼ਾ ਤਾਂ ਪੇਕੇ ਪਿੰਡ ਹੀ ਹੁੰਦਾ ਹੈ, ਜਿਥੇ ਹਮ-ਉਮਰ ਕੁੜੀਆਂ ਖੂਬ ਹਾਸਾ ਠੱਠਾ ਕਰਦੀਆਂ ਹਨ। ਇਕ ਦੂਜੇ ਨੂੰ ਸੰਵਾਦ-ਚੁੰਢੀ ਵੀ ਵੱਢੀ ਜਾਂਦੀ ਹੈ ਤੇ ਸਗੀਰਕ ਵੀ। ਜਵਾਨੀ ਆਪਣੀ ਹੀ ਕਿਸਮ ਦੀ ਮਸਤੀ ਹੁੰਦੀ ਹੈ ਜੋ ਦਿਨ-ਰਾਤ ਚੜ੍ਹੀ ਰਹਿੰਦੀ ਹੈ। ਮੁਕਾਬਲੇ ਵਿਚ ਆ ਕੇ ਜਦ ਦਸ-ਪੰਦਰਾਂ ਚਰਖੇ ਇਕੱਠੇ ਚਲਦੇ ਤਾਂ ਸੱਚ-ਮੁੱਚ ਐਸੀ ਘੂਕਰ ਬੰਨ੍ਹਦੇ ਜੋ ਦਿਲਾਂ ਦੀਆਂ ਤਰਬਾਂ ਛੇੜ ਦਿੰਦੀ। ਸੁਡੌਲ ਡੌਲਿਆਂ ਨਾਲ ਸੱਜੇ ਹੱਥ ਨਾਲ ਹੱਥੀ ਘੁੰਮਾ-ਘੁੰਮਾ ਕੇ 'ਘੁੰਮ ਚਰਖੜਿਆ ਘੁੰਮ' ਦਾ ਜ਼ੋਰ ਦਿੰਦਿਆ, ਖੱਬੇ ਹੱਥ ਨਾਲ ਤਕਲੇ ਤੋਂ ਚੁੱਕਿਆ ਤੰਦ ਮੋਢੇ ਤੇ ਸਿਰ ਤੋਂ ਉਪਰ ਲਿਜਾ ਕੇ ਉਸੇ ਤੱਕਲੇ 'ਤੇ ਕਲਾਮਈ ਢੰਗ ਨਾਲ ਲਪੇਟ ਕੇ ਅਗਲਾ ਤੰਦ ਚੁੱਕਿਆ ਜਾਂਦਾ, ਨਾਲ ਹੀ ਕੋਈ ਘੋੜੀ/ਸੁਹਾਗ ਗੁਣਗੁਣਾਇਆ ਜਾਂਦਾ, ਤੇ ਉਸ ਵੇਲੇ ਕੱਤਣੀ ਫਰਾਟੇ ਮਾਰਨ ਲੱਗ ਪੈਂਦੀ। ਇਹ ਤ੍ਰਿੰਜਣ ਕਈ ਵੇਰ ਬਹੁਤ ਕੁਵੇਲੇ ਤੱਕ ਚੱਲਦਾ ਰਹਿੰਦਾ। ਅੱਧੀ-ਅੱਧੀ ਰਾਤ ਤੱਕ, ਸਰਘੀ ਵੇਲੇ ਤੱਕ। ਤ੍ਰਿੰਜਣ ਦਾ ਨਕਸ਼ਾ ਹੇਠ ਲਿਖੀ ਕਵਿਤਾ ਤੋਂ ਵਧੀਆ ਕੀ ਬੰਨ੍ਹਿਆ ਜਾ ਸਕਦਾ ਹੈ:

ਤੇ ਫੇਰ ਮੇਰੇ ਘਰ ਜਦੋਂ
ਆਲੇ 'ਚ ਕਿਰਨਾਂ ਬਹਿੰਦੀਆਂ
ਕਿਰਨਾਂ ਜਿਹੀਆਂ ਕੁਝ ਨੱਢੀਆਂ
ਚੰਦਨ ਦੇ ਪੀੜ੍ਹੇ ਡਾਹੁੰਦੀਆਂ
ਤੇ ਚਰਖੀਆਂ ਦੀ ਘੂਕ 'ਤੇ
ਸੱਜਣਾਂ ਦਾ ਖ੍ਰਿਹਾ ਗਾਉਂਦੀਆਂ
ਕੁਝ ਯਾਦ ਕੱਤਣ ਆਉਂਦੀਆਂ
ਕੁਝ ਦਾਜ ਕੱਤਣ ਆਉਂਦੀਆਂ
ਤੇ ਬਹੁਤ ਡੂੰਘੀ ਰਾਤ ਤੱਕ
ਭੋਰੇ 'ਚ ਰਲ ਕੇ ਬਹਿੰਦੀਆਂ
ਤੇ ਫੇਰ ਭਰੀਆਂ ਖਿੱਤੀਆਂ
ਸਿਰੇ ਜਦੋਂ ਆ ਜਾਂਦੀਆਂ
ਮਾਹਲਾਂ ਤਦੋਂ ਭਰੜਾਂਦੀਆਂ,
ਹੱਥੀਆਂ ਨੂੰ ਨੀਂਦਾਂ ਆਉਂਦੀਆਂ
ਦੀਵੇ ਨੂੰ ਫੂਕਰ ਮਾਰ ਕੇ
ਸੱਜਣਾਂ ਦੇ ਸੁਪਨੇ ਲੈਂਦੀਆਂ
ਕੁਝ ਹੰਢੀਆਂ ਮਸ਼ਟੰਡੀਆਂ
ਭੋਰੇ 'ਚ ਭੂਤਰ ਜਾਂਦੀਆਂ।

ਮੱਘਰ ਮਹੀਨਾ ਅੰਦਰੋਂ ਮਘਣ ਦਾ ਮਹੀਨਾ ਹੈ। ਇਸ ਮਹੀਨੇ ਗਰਮਾਇਸ਼ ਅਤੇ ਤਾਕਤ ਵਧਾਉਣ ਵਾਲੇ ਪਦਾਰਥ ਬਣਾਏ ਜਾਂਦੇ ਹਨ, ਜਿਵੇਂ ਖੋਆ, ਅਲਸੀ, ਮ

ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ 'ਤੇ ਵਿਸ਼ੇਸ਼

ਨਿੱਕੀ ਉਮਰੇ ਗ਼ਦਰ ਲਹਿਰ ਦਾ ਮਹਾਂਨਾਇਕ ਹੋ ਨਿੱਬੜਿਆ ਕਰਤਾਰ ਸਿੰਘ ਸਰਾਭਾ

ਹੱਥਾਂ ਨੂੰ 'ਕਿਰਤ' 'ਤੇ ਪੈਰਾਂ ਨੂੰ 'ਉਦਾਸੀਆਂ' ਦਾ ਅਸ਼ੀਰਵਾਦ ਲੈਕੇ ਘਰਾਂ ਤੋਂ ਤੁਰਨਾ ਪੰਜਾਬੀਆਂ ਦੇ ਹਿੱਸੇ ਮੁੱਢ ਤੋਂ ਹੀ ਰਿਹਾ ਹੈ। ਸਮਾਂ ਕੋਈ ਵੀ ਹੋਵੇ, ਹਾਲਤਾਂ ਮੁਤਾਬਕ ਕਾਰਨ ਜੋ ਵੀ ਹੋਣ ਪਰ ਪੰਜਾਬੀਆਂ ਨੇ ਹਮੇਸ਼ਾ ਆਪਣਾ ਸਫ਼ਰ ਅਣਖਾਂ ਦੇ ਸਾਫੇ ਬੰਨ੍ਹ ਕੇ ਚੜ੍ਹਦੀ ਕਲਾ ਨਾਲ਼ ਹੀ ਤੈਅ ਕੀਤਾ ਹੈ। ਅੱਜ ਅਸੀਂ ਇੱਥੇ ਇੱਕ ਅਜਿਹੇ ਹੀ ਘੁੰਮਕੜ ਬਿਰਤੀ ਦੇ ਮਾਲਕ 'ਤੂਫ਼ਾਨਾਂ ਦੇ ਸ਼ਾਹ ਅਸਵਾਰ' ਦੀ ਗੱਲ ਬੜੇ ਮਾਣ ਨਾਲ਼ ਸਾਂਝੀ ਕਰਾਂਗੇ। ਜਿਸ ਨੂੰ ਉਹਦੇ ਜਮਾਤੀ ਕਦੇ 'ਉੱਡਣਾ ਸੱਪ' ਵੀ ਕਿਹਾ ਕਰਦੇ ਸਨ। ਇਹੋ 'ਉੱਡਣਾ ਸੱਪ' ਭਾਰਤ ਵਿੱਚ ਸਭ ਤੋਂ ਨਿੱਕੀ ਉਮਰੇ ਜਹਾਜ ਚਲਾਉਣ ਦਾ ਮਾਣ ਖੱਟਕੇ ਅੱਗੇ ਜਾਕੇ 'ਬਾਲ ਜਰਨੈਲ' ਹੋਣ ਦਾ ਰੁਤਬਾ ਪਾਉਂਦਾ ਹੈ।



ਇਸ ਬਾਲ ਜਰਨੈਲ ਦਾ ਜਨਮ 24 ਮਈ 1896 ਨੂੰ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਸਰਾਭਾ ਵਿਖੇ ਪਿਤਾ ਸ. ਮੰਗਲ ਸਿੰਘ ਦੇ ਘਰ ਮਾਤਾ ਸਾਹਿਬ ਕੌਰ ਦੀ ਕੁੱਖੋਂ ਹੋਇਆ ਸੀ। ਪਿੰਡ ਸਰਾਭਾ ਦਾ ਨਾਂ ਪੜ੍ਹਦਿਆਂ ਸਰਦਾਰ ਕਰਤਾਰ ਸਿੰਘ ਦਾ ਨਾਂ ਤੁਹਾਡੇ ਦਿਮਾਗ. ਵਿੱਚ ਆਪਣੇ ਆਪ ਜ਼ਰੂਰ ਆ ਗਿਆ ਹੋਵੇਗਾ। ਅੱਜ ਅਸੀਂ ਉਹੀ ਸ.ਕਰਤਾਰ ਸਿੰਘ ਸਰਾਭਾ ਬਾਰੇ ਗੱਲ ਕਰਾਂਗੇ ਜੋ ਬਾਅਦ ਵਿੱਚ ਗ਼ਦਰ ਲਹਿਰ ਦਾ ਨਿੱਕੀ ਉਮਰੇ ਇੱਕ ਮਹਾਂਨਾਇਕ ਹੋ ਨਿੱਬੜਿਆ। 'ਸਰਾਭੇ' ਦਾ ਪਰਿਵਾਰ ਆਪਣੇ ਜ਼ਮਾਨੇ ਵਿੱਚ ਪੜ੍ਹਿਆ-ਲਿਖਿਆ ਅਤੇ ਖਾਂਦਾ-ਪੀਂਦਾ ਸਰਦਾ ਪੁੱਜਦਾ ਪਰਿਵਾਰ ਸੀ। ਕਰਤਾਰ ਸਿੰਘ ਦੇ ਤਿੰਨ ਚਾਚੇ ਸ.ਬਿਸ਼ਨ ਸਿੰਘ, ਡਾ.ਵੀਰ ਸਿੰਘ ਤੇ ਬਖਸ਼ੀਸ਼ ਸਿੰਘ ਚੰਗੀਆਂ ਨੌਕਰੀਆਂ ਉੱਤੇ ਉਦੋਂ ਲੱਗੇ ਹੋਏ ਸਨ। ਬਖਸ਼ੀਸ਼ ਸਿੰਘ ਉੜੀਸਾ ਵਿੱਚ ਜੰਗਲਾਤ ਮਹਿਕਮੇ ਵਿਚ ਸੀ ਤੇ ਇੱਕ ਚਾਚਾ ਯੂ.ਪੀ. ਵਿਚ ਸਬ ਇੰਸਪੈਕਟਰ ਸੀ। ਸਰਾਭੇ ਦੇ ਬਾਪ ਸ. ਮੰਗਲ ਸਿੰਘ ਦੀ ਸਰਾਭੇ ਦੇ ਬਚਪਨ ਵਿੱਚ ਹੀ ਮੌਤ ਹੋ ਗਈ ਸੀ। ਜਿਸ ਕਰਕੇ ਬਾਅਦ ਵਿੱਚ ਸਰਾਭੇ ਦੇ ਪਾਲਣ-ਪੋਸ਼ਣ ਦੀ ਜ਼ਿੰਮੇਵਾਰੀ ਦਾਦਾ ਸਰਦਾਰ ਬਚਨ ਸਿੰਘ ਨੇ ਨਿਭਾਈ। ਸ.ਕਰਤਾਰ ਸਿੰਘ ਸਰਾਭੇ ਦੀ ਭੈਣ ਦਾ ਨਾਂ ਧੰਨ ਕੌਰ ਸੀ।

ਪਰਿਵਾਰ ਵੱਲੋਂ ਅੱਠ ਕੁ ਸਾਲ ਦੀ ਉਮਰੇ ਕਰਤਾਰ ਸਿੰਘ ਨੂੰ ਪਿੰਡ ਦੇ ਹੀ ਪ੍ਰਾਇਮਰੀ ਸਕੂਲ ਵਿਚ ਪੜ੍ਹਨ ਪਾਇਆ ਗਿਆ। ਚਾਰ ਜਮਾਤਾਂ ਉਸ ਨੇ ਇੱਥੇ ਹੀ ਪਾਸ ਕੀਤੀਆਂ। ਅੱਗੇ ਪੰਜਵੀਂ ਦੀ ਪੜ੍ਹਾਈ ਵਰਨੈਕੁਲਰ ਸਕੂਲ ਗੁੱਜਰਵਾਲ ਵਿੱਚ ਕੀਤੀ। ਪੰਜਵੀਂ ਵਿਚ ਕਰਤਾਰ ਸਿੰਘ ਦਾ ਜਮਾਤੀ ਬਾਬਾ ਹਰਭਜਨ ਸਿੰਘ ਦੀ ਚਮਿੰਡਾ ਬਣਿਆ ਜੋ ਪਿੱਛੋਂ ਜਾ ਕੇ ਉਨ੍ਹਾਂ ਨਾਲ ਹੀ ਗ਼ਦਰ ਪਾਰਟੀ ਵਿਚ ਸ਼ਾਮਿਲ ਹੋਇਆ। ਕਰਤਾਰ ਸਿੰਘ ਨੇ ਗੁੱਜਰਵਾਲ ਤੋਂ ਵਰਨੈਕੁਲਰ ਅੱਠਵੀਂ ਪਾਸ ਕਰ ਲਈ ਤਾਂ ਪਰਿਵਾਰ ਵੱਲੋਂ ਉਸ ਨੂੰ ਅਗਲੀ ਪੜ੍ਹਾਈ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਹਾਈ ਸਕੂਲ ਵਿਚ ਦਾਖਲ ਕਰਵਾਇਆ ਗਿਆ।

1910-1911 ਦੌਰਾਨ ਕਰਤਾਰ ਸਿੰਘ ਆਪਣੇ ਚਾਚੇ ਬਖਸੀਸ ਸਿੰਘ ਕੋਲ਼ ਚਲਿਆ ਗਿਆ,ਜਿੱਥੇ ਉਸਨੇ ਦਸਵੀਂ ਪਾਸ ਕੀਤੀ।

ਸ.ਕਰਤਾਰ ਸਿੰਘ ਜਨਵਰੀ 1912 ਵਿਚ ਅਮਰੀਕਾ ਦੀ ਕੈਲੀਫੋਰਨੀਆ ਸਟੇਟ ਵਿਚ ਪਹੁੰਚਿਆ ਅਤੇ ਬਰਕਲੇ ਯੂਨੀਵਰਸਿਟੀ ਦੇ ਕੈਮਿਸਟਰੀ ਵਿਭਾਗ ਵਿਚ ਦਾਖਲਾ ਲੈਣ ਦੀ ਕੋਸ਼ਸ਼ ਕੀਤੀ। ਉਸ ਵਕਤ ਪੰਜਾਬ ਤੋਂ ਪਹੁੰਚਣ ਵਾਲੇ ਸਿੱਖ ਕੈਲੀਫੋਰਨੀਆ ਹੀ ਪਹੁੰਚਦੇ ਸਨ। ਕਿਉਂਕਿ ਉਥੇ ਸਿੱਖ ਵੱਡੀ ਗਿਣਤੀ ਵਿਚ ਰਹਿੰਦੇ ਸਨ। ਜੋ ਖੇਤੀ ਫਾਰਮਾਂ ਵਿਚ ਕੰਮ ਕਰਦੇ ਸਨ।

ਅਮਰੀਕਾ ਰਹਿੰਦੇ ਹੋਏ ਇੱਕ ਦਿਨ ਸਰਾਭੇ ਨੇ ਇੱਕ ਅਮਰੀਕਨ ਔਰਤ ਨੂੰ ਦੇਸ਼ ਭਗਤਾਂ ਨੂੰ ਪ੍ਰਣਾਮ ਕਰਦੇ ਦੇਖਕੇ ਇਸ ਬਾਰੇ ਜਾਣਨ ਦੀ ਕੋਸ਼ਸ਼ ਕੀਤੀ। ਜਦ ਉਸ ਔਰਤ ਨੇ ਦੱਸਿਆ ਕਿ "ਇਸ ਦਿਨ ਸਾਡਾ ਅਮਰੀਕਾ, ਗੁਲਾਮੀ ਤੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਪਰਵਾਨਿਆਂ ਨੂੰ ਕਦੀ ਵੀ ਭੁਲਾ ਨਹੀਂ ਸਕਦੇ।" ਇਹ ਸੁਣ ਕੇ ਉਸ ਦੇ ਦਿਮਾਗ. ਵਿੱਚ ਖਲਬਲੀ ਮੱਚ ਗਈ। ਉਸ ਨੇ ਸੋਚਿਆ ਕਿ ਅਸੀਂ ਇੱਥੇ ਪੜ੍ਹਨ ਤੇ ਡਾਲਰ ਕਮਾਉਣ ਲਈ ਆ ਗਏ ਹਾਂ। ਸਾਡਾ ਦੇਸ਼ ਗੁਲਾਮ ਹੈ। ਸਾਨੂੰ ਇੱਥੇ 'ਕਾਲੇ', 'ਕੁਲੀ', 'ਡੈਮ' ਤੇ 'ਡਰਟੀ' ਕਿਹਾ ਜਾਂਦਾ ਹੈ। ਸਾਡੇ ਆਪਣੇ ਦੇਸ਼ ਦੇ ਲੋਕ ਗਰੀਬੀ, ਭੁੱਖ-ਨੰਗ ਅਤੇ ਹਕੂਮਤ ਦੇ ਜ਼ੁਲਮ ਦਾ ਸ਼ਿਕਾਰ ਹਨ। ਇਹ ਸੋਚ ਕੇ ਉਸਦੇ ਦਿਲ ਵਿੱਚ ਅੰਗਰੇਜ਼ੀ ਰਾਜ ਵਿਰੁੱਧ ਗੁੱਸਾ ਹੋਰ ਉਬਾਲੇ ਖਾਣ ਲੱਗਾ। ਹੌਲ਼ੀ-ਹੌਲ਼ੀ ਸਮੇਂ-ਸਮੇਂ ਕਰਤਾਰ ਸਿੰਘ ਸਰਾਭਾ ਦੀ ਮੁਲਾਕਾਤ ਸਰਾਭੇ ਪਿੰਡ ਦੇ ਹੀ ਰੁਲੀਆ ਸਿੰਘ ਰਾਹੀਂ ਪਰਮਾਨੰਦ, ਲਾਲਾ ਹਰਦਿਆਲ, ਪੰਡਤ ਜਗਤ ਰਾਮ ਰਿਹਾਨਾ, ਭਾਈ ਜਵਾਲਾ ਸਿੰਘ ਅਤੇ ਹੋਰ ਭਾਰਤੀ ਕਾਮਿਆਂ ਨਾਲ ਹੋਈ। ਇਹਨਾਂ ਨੇ ਸਭ ਨੇ ਭਾਰਤ ਦੀ ਲੰਬੀ ਗੁਲਾਮੀ ਦੇ ਕਾਰਨਾਂ ਉੱਪਰ ਵਿਚਾਰ ਕਰਕੇ ਇਹੋ ਸਿੱਟਾ ਕੱਢਿਆ ਕਿ ਆਜ਼ਾਦੀ ਦੀ ਲੜਾਈ ਲਈ ਇੱਕ ਮਜ਼ਬੂਤ ਜਥੇਬੰਦੀ ਦੀ ਲੋੜ ਹੈ।

ਅਮਰੀਕਾ ਵਿੱਚ ਵੱਸਦੇ ਹਿੰਦੁਸਤਾਨੀਆਂ ਨੇ ਜਦ 1913 ਈ. ਵਿੱਚ ਗ.ਦਰ ਨਾਂਅ ਦੀ ਇੱਕ ਪਾਰਟੀ ਬਣਾਈ,ਜਿਸ ਦੇ ਪ੍ਰਧਾਨ ਪ੍ਰਸਿੱਧ ਦੇਸ਼ ਭਗਤ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਸਨ। ਇਸ ਸਮੇਂ ਦੌਰਾਨ ਕਰਤਾਰ ਸਿੰਘ ਸਰਾਭਾ ਸੋਹਣ ਸਿੰਘ ਭਕਨਾ ਨੂੰ ਮਿਲ਼ਿਆ।

ਜਦੋਂ ਗ਼ਦਰ ਪਾਰਟੀ ਦੀਆਂ ਸਰਗਰਮੀਆਂ ਸ਼ੁਰੂ ਹੋਈਆਂ ਤਾਂ ਸਰਦਾਰ ਕਰਤਾਰ ਸਿੰਘ ਸਰਾਭੇ ਨੇ ਉਦੋਂ ਹੀ ਆਪਣਾ ਜੀਵਨ ਪਾਰਟੀ ਨੂੰ ਹੀ ਸਮਰਪਿਤ ਕਰਨ ਦਾ ਫੈਸਲਾ ਕਰ ਲਿਆ ਸੀ। ਜਿਸਦਾ ਸਰਾਭੇ ਦੇ ਮਨ ਵਿੱਚ ਇੱਕੋ-ਇੱਕ ਮਕਸਦ ਸੀ ਆਪਣੇ ਵਤਨ ਦੇ ਲੋਕਾਂ ਨੂੰ ਆਜ਼ਾਦ ਕਰਵਾਉਣਾ। ਜਦ ਨਵੰਬਰ 1913 ਤੋਂ 'ਗ਼ਦਰ' ਦਾ ਪਹਿਲਾ ਪਰਚਾ ਨਿਕਲਿਆ ਤਾਂ ਸਰਦਾਰ ਕਰਤਾਰ ਸਿੰਘ ਸਰਾਭਾ ਪਰਚੇ ਦੇ ਬਾਨੀਆਂ ਵਿੱਚ ਸ਼ਾਮਿਲ ਸੀ। ਜਦ ਦਸੰਬਰ 1913 ਵਿਚ ਗੁਰਮੁਖੀ 'ਗ਼ਦਰ' ਸ਼ੁਰੂ ਹੋਇਆ ਤਾਂ ਸਰਾਭੇ ਉਪਰ ਹੀ ਪਰਚੇ ਦੀ ਮੁੱਖ ਜਿੰਮੇਵਾਰੀ ਸੀ। ਲਾਲਾ ਹਰਦਿਆਲ ਦੀਆਂ ਉਰਦੂ ਲਿਖਤਾਂ ਨੂੰ ਗੁਰਮੁਖੀ ਵਿਚ ਕਰਤਾਰ ਸਿੰਘ ਹੀ ਕਰਦਾ ਸੀ। ਸ.ਕਰਤਾਰ ਸਿੰਘ ਸਰਾਭੇ ਦਾ ਕੰਮ ਤੇ ਕੌਮ ਪ੍ਰਤਿ ਸਮਰਪਣ ਪੂਰਨ ਤੌਰ ਤੇ ਆਖਰੀ ਸਾਹਾਂ ਤੱਕ ਸਿੱਖੀ ਸਿਧਾਂਤਾਂ ਤੋਂ ਪ੍ਰੇਰਿਤ ਰਿਹਾ।। ਇਸ ਦੀ ਸਭ ਤੋਂ ਵੱਡੀ ਗਵਾਹੀ ਗੁਰਮੁਖੀ 'ਗ਼ਦਰ' ਅਖਬਾਰ ਹੀ ਭਰਦਾ ਹੈ।ਜਿਸ 'ਤੇ ਸਰਾਭੇ ਨੇ ਗੁਰਬਾਣੀ ਦੇ ਇਹ ਸ਼ਬਦ ਟੈਗ ਲਾਈਨ ਵਜੋਂ ਲਿਖੇ ਹੋਏ ਸਨ "ਜਉ ਤਉ ਪ੍ਰੇਮ ਖੇਲਣ ਕਾ ਚਾਉ ॥ਸਿਰੁ ਧਰਿ ਤਲੀ ਗਲੀ ਮੇਰੀ ਆਉ ॥" ਜਦ ਕਿ ਉਰਦੂ ਪਰਚੇ ਉਪਰ ਟੈਗ ਲਾਈਨ 'ਅੰਗ੍ਰੇਜ਼ੀ ਰਾਜ ਕਾ ਦੁਸ਼ਮਨ' ਲਿਖੀ ਹੋਈ ਸੀ।

ਅਗਸਤ 1914 ਵਿੱਚ ਪਹਿਲਾ ਵਿਸਵ ਯੁੱਧ ਲੱਗ ਜਾਣ ਦੇ ਮੱਦੇ ਨਜ਼ਰ ਗ਼ਦਰ ਪਾਰਟੀ ਨੇ ਭਾਰਤ ਚੱਲ ਕੇ ਇਨਕਲਾਬ ਕਰਨ ਦਾ ਫੈਸਲਾ ਕਰ ਲਿਆ ਸੀ ਤਾਂ ਸ.ਕਰਤਾਰ ਸਿੰਘ ਸਰਾਭਾ ਪੰਜਾਬ ਪਹੁੰਚਣ ਵਾਲੇ ਗ਼ਦਰੀਆਂ ਵਿੱਚ ਸ਼ਾਮਿਲ ਸਨ। ਅੰਗਰੇਜ਼ ਸਰਕਾਰ ਨੇ ਕਲਕੱਤੇ ਦੀਆਂ ਬੰਦਰਗਾਹਾਂ 'ਤੇ ਪਹਿਲਾਂ ਹੀ ਨਾਕੇ ਲਗਾਏ ਹੋਏ ਸੀ ਤੇ ਉਸ ਸਮੇਂ ਗ਼ਦਰ ਲਹਿਰ ਦੀ ਚੋਟੀ ਦੀ ਲੀਡਰਸ਼ਿਪ ਭਾਈ ਸੋਹਣ ਸਿੰਘ ਭਕਨਾ, ਬਾਬਾ ਜਵਾਲਾ ਸਿੰਘ , ਬਾਬਾ ਕੇਸਰ ਸਿੰਘ ਠੱਠਗੜ੍ਹ, ਬਾਬਾ ਸ਼ੇਰ ਸਿੰਘ ਆਦਿ ਨੂੰ ਗ੍ਰਿਫਤਾਰ ਕਰ ਕਰ ਲਿਆ ਸੀ। ਪਰ ਉਦੋਂ ਕਰਤਾਰ ਸਿੰਘ ਸਰਾਭਾ ਆਪਣੀ ਫੁਰਤੀ ਨਾਲ਼ ਹੋਰ ਰਸਤੇ ਭਾਰਤ ਵਿੱਚ ਦਾਖਲ ਹੋ ਗਿਆ। ਚੋਟੀ ਦੀ ਲੀਡਰਸ਼ਿਪ ਦੀ ਗ੍ਰਿਫਤਾਰੀ ਤੋਂ ਬਾਅਦ ਸਰਾਭੇ ਦੀ ਮਿਹਨਤ ਤੇ ਜਨੂੰਨ ਨੇ ਹੀ ਇਸ ਲਹਿਰ ਨੂੰ ਸਿਖ਼ਰ 'ਤੇ ਪਹੁੰਚਾਇਆ।

ਉਸ ਨੇ ਇੱਕ ਪਾਸੇ ਮਾਲਵਾ ਖਾਲਸਾ ਹਾਈ ਸਕੂਲ ਦੇ ਵਿਦਿਆਰਥੀਆਂ ਨੂੰ ਤਿਆਰ ਕੀਤਾ, ਦੂਜੇ ਪਾਸੇ ਰਕਾਬ ਗੰਜ ਐਜੀਟੇਸ਼ਨ ਨਾਲ ਜੁੜੇ ਹੋਏ ਭਾਈ ਸਾਹਿਬ ਭਾਈ ਰਣਧੀਰ ਸਿੰਘ ਵਰਗੇ ਧਾਰਮਿਕ ਆਗੂਆਂ ਨਾਲ ਤਾਲ-ਮੇਲ ਕੀਤਾ, ਤੀਜਾ ਬੰਗਾਲ ਦੇ ਕ੍ਰਾਂਤੀਕਾਰੀਆਂ ਨਾਲ ਤਾਲ-ਮੇਲ ਕਰਕੇ ਉਨ੍ਹਾਂ ਕੋਲੋਂ ਹਥਿਆਰਾਂ ਦਾ ਪ੍ਰਬੰਧ ਕੀਤਾ, ਚੌਥਾ ਵੱਖੋ-ਵੱਖ ਫੌਜੀ ਛਾਉਣੀਆਂ ਵਿੱਚ ਫੌਜੀਆਂ ਨਾਲ ਤਾਲਮੇਲ ਕਰਕੇ ਉਨ੍ਹਾਂ ਨੂੰ ਬਗਾਵਤ ਲਈ ਤਿਆਰ ਕੀਤਾ।

ਕਰਤਾਰ ਸਿੰਘ ਸਰਾਭਾ, ਸੁੱਚਾ ਸਿੰਘ ਹਰੀ ਅਤੇ ਪਿੰਗਲੇ 11 ਫਰਵਰੀ ਨੂੰ ਲਾਹੌਰ ਮੋਚੀ ਗੇਟ ਵਾਲੇ ਘਰ ਮੀਟਿੰਗ ਦੌਰਾਨ ਬਗਾਵਤ ਦੀ ਤਾਰੀਖ 21 ਫਰਵਰੀ ਰੱਖੀ। ਸਾਰੇ ਮੈਬਰਾਂ ਦਾ ਧਿਆਨ ਹੁਣ 21 ਫਰਵਰੀ ਦੀਆਂ ਤਿਆਰੀਆਂ ਉੱਤੇ ਸੀ ਪਰ ਕਿਰਪਾਲ ਸਿੰਘ ਨੇ ਇਸ ਦੀ ਸੂਹ ਪੁਲਿਸ ਨੂੰ ਦੇ ਦਿੱਤੀ। ਜਿਸ ਨਾਲ 21 ਫਰਵਰੀ ਦੀ ਬਗਾਵਤ ਫੇਲ ਹੋ ਗਈ। ਪੁਲਿਸ ਨੇ ਮੋਚੀ ਗੇਟ ਵਾਲ਼ੇ ਘਰ 'ਤੇ ਨਜ਼ਰ ਰੱਖਣੀ ਸ਼ੁਰੂ ਕਰ ਦਿੱਤੀ। ਪੁਲਿਸ ਵਾਲ਼ੇ ਸਾਦੇ ਕੱਪੜੇ ਪਾ ਕੇ ਘਰ ਦੇ ਚਾਰੇ ਚੁਫੇਰੇ ਤੈਨਾਤ ਹੋ ਗਏ ਸੀ। ਪੁਲਿਸ ਨੇ ਕਿਰਪਾਲ ਸਿੰਘ ਦੀਆਂ ਸੂਹਾਂ 'ਤੇ ਬਹੁਤ ਸਾਰੇ ਗ.ਦਰ ਪਾਰਟੀ ਦੇ ਮੈਬਰ ਗਿਰਫ਼ਤਾਰ ਕਰ ਲਏ ਸੀ ਪਰ ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਅਤੇ ਹਰਨਾਮ ਸਿੰਘ ਕੋਟਲਾ ਬਚ ਕੇ ਪੰਜਾਬ ਆਉਦੇ-ਆਉਦੇ ਉਹ ਪਠਾਣੀ ਭੇਸ ਬਣਾ ਕੇ ਅਫ਼ਗਾਨਿਸਤਾਨ ਆ ਗਏ। ਜਿੱਥੇ 2 ਮਾਰਚ ਨੂੰ ਜਗਤ ਸਿੰਘ ਦੇ ਜਾਣ -ਪਛਾਣ ਵਾਲੇ ਰਾਜਿੰਦਰ ਸਿੰਘ ਦੇ ਘਰ ਪਹੁੰਚੇ, ਜਿਸ ਸਮੇਂ ਕਰਤਾਰ ਸਿੰਘ ਸਰਾਭਾ ਆਪਣੇ ਸਾਥੀਆਂ ਨੇ ਵਿਹੜੇ 'ਚ ਮੰਜੇ ਤੇ ਬੈਠ ਕੇ ਆਪਣੀ ਮੰਜ ਨਾਲ ਕਰਾਂਤੀਕਾਰੀ ਵਿਚਾਰਾਂ ਕਰ ਰਹੇ ਸੀ ਤਾਂ ਪੁਲਿਸ ਨੂੰ ਕਿਸੇ ਨੇ ਸੂਹ ਦੇ ਦਿੱਤੀ ਅਤੇ ਪੁਲਿਸ ਨੇ ਰਾਜਿੰਦਰ ਸਿੰਘ ਦੇ ਘਰ ਤੇ ਛਾਪਾ ਮਾਰਕੇ ਕਰਤਾਰ ਸਿੰਘ ਸਰਾਭਾ, ਜਗਤ ਸਿੰਘ, ਹਰਨਾਮ ਸਿੰਘ ਕੋਟਲਾ ਨੂੰ ਗਿਰਫ਼ਤਾਰ ਕਰ ਲਿਆ। ਜਦੋਂ ਕਰਤਾਰ ਸਿੰਘ ਸਰਾਭਾ 'ਤੇ ਬਗ.ਾਵਤ ਦੇ ਦੋਸ਼ ਅਧੀਨ ਮੁਕੱਦਮਾ ਚੱਲ ਰਿਹਾ ਸੀ ਤਾਂ ਸਰਾਭੇ ਨੇ ਸਾਰੇ ਦੋਸ਼ਾਂ ਦੀ ਸਮੁੱਚੀ ਜ਼ੁੰਮੇਵਾਰੀ ਆਪਣੇ ਖੁਦ ਉੱਪਰ ਲੈ ਲਈ ਸੀ।

ਅਮਰੀਕਾ ਅੰਦਰ ਜੁਲਾਈ 1912 ਤੋਂ ਲੈਕੇ ਭਾਰਤ ਅੰਦਰ 19 ਫਰਵਰੀ 1915 ਤੱਕ ਹਰ ਸਰਗਰਮੀ ਵਿੱਚ ਕਰਤਾਰ ਸਿੰਘ ਸਰਾਭਾ ਦਾ ਹੱਥ ਰਿਹਾ ਸੀ। ਇਸ ਗੱਲ ਦੀ ਪੁਸ਼ਟੀ ਵਾਅਦਾ-ਮੁਆਫ਼ ਗਵਾਹਾਂ ਅਮਰ ਸਿੰਘ, ਮੂਲਾ ਸਿੰਘ, ਨਵਾਬ ਖਾਂ, ਸੁੱਚਾ ਸਿੰਘ, ਉਮਰਾਓ ਸਿੰਘ ਨੇ ਗਵਾਹੀ ਦਿੱਤੀ।

ਕਰਤਾਰ ਸਿੰਘ ਸਰਾਭਾ ਤੇ ਉਸਦੇ ਸਾਥੀਆਂ ਦੇ ਮੁਕੱਦਮੇ ਦੀ ਕਾਰਵਾਈ 26 ਅਪਰੈਲ 1915 ਨੂੰ ਸ਼ੁਰੂ ਹੋਈ ਤੇ 13 ਸਤੰਬਰ ਨੂੰ ਖਤਮ ਹੋਈ।

ਆਖਰਕਾਰ ਸਾਰੇ ਮੁਕੱਦਮੇ ਦੀ ਕਾਰਵਾਈ ਤੋਂ ਬਾਅਦ 13 ਸਤੰਬਰ 1915 ਨੂੰ ਫੈਸਲਾ ਸੁਣਾਇਆ ਗਿਆ। ਜਿਸ ਵਿੱਚ ਲਾਹੌਰ ਸਾਜ਼ਿਸ ਕੇਸ ਤਹਿਤ ਕਰਤਾਰ ਸਿੰਘ ਸਰਾਭਾ ਸਣੇ 24 ਲੋਕਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਵਾਇਸਰਾਏ ਨੇ ਨਜ਼ਰਸਾਨੀ ਦੌਰਾਨ 14 ਨਵੰਬਰ 1915 ਨੂੰ 17 ਗ਼ਦਰੀਆਂ ਦੀ ਫਾਂਸੀ ਤੋੜ ਕੇ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ।

ਜੱਜ ਨੇ ਕਰਤਾਰ ਸਿੰਘ ਸਰਾਭਾ ਨੂੰ ਵੀ ਕਿਹਾ, "ਜੇ ਤੂੰ ਮੁਆਫੀ ਮੰਗ ਲਏ ਤਾਂ ਅਸੀਂ ਤੇਰੀ ਸਜ਼ਾ ਮੁਆਫ ਕਰ ਸਕਦੇ ਹਾਂ ਕਿਉਂਕਿ ਤੇਰੀ ਉਮਰ ਵੀ ਛੋਟੀ ਹੈ।" ਤਾਂ ਕਰਤਾਰ ਸਿੰਘ ਸਰਾਭਾ ਨੇ ਕਿਹਾ, "ਮੈਂ ਤਾਂ ਇਸੇ ਕੰਮ ਲਈ ਇੱਥੇ ਆਇਆ ਹਾਂ ਅਤੇ ਜੇ ਮਰਾਂ ਵੀ ਤਾਂ ਮੇਰੀ ਇੱਛਾ ਹੈ ਕਿ ਫਿਰ ਜਨਮ ਲੈ ਕੇ ਵਤਨ ਦੀ ਆਜ਼ਾਦੀ ਲਈ ਲੜਾਂ ਤੇ ਫਿਰ ਆਪਣੀ ਜਾਨ ਦੇਵਾਂ।"

ਉਸ ਸਮੇਂ ਜੱਜ ਨੇ ਕਿਹਾ ਸੀ ਕਿ ਇਸ ਕੇਸ ਦੇ 61 ਮੁਲਜ਼ਮਾਂ ਵਿੱਚੋਂ ਸਭ ਤੋਂ ਖ਼ਤਰਨਾਕ ਕਰਤਾਰ ਸਿੰਘ ਸਰਾਭਾ ਹੈ ਇਸ ਲਈ ਉਸਦੀ ਫਾਂਸੀ ਦੀ ਸਜ਼ਾ ਮੁਆਫ ਨਹੀਂ ਕੀਤੀ ਜਾ ਸਕਦੀ। ਇਸੇ ਕਾਰਨ ਕਰਕੇ ਕਰਤਾਰ ਸਿੰਘ ਨੂੰ ਫਾਂਸੀ ਦਿੱਤੀ ਗਈ।

16 ਨੰਵਬਰ 1915 ਨੂੰ ਸਵੇਰੇ ਕਰਤਾਰ ਸਿੰਘ ਸਰਾਭਾ ਅਤੇ ਉਹਨਾ ਦੇ ਛੇ ਸਾਥੀਆਂ ਬਖਸ਼ੀਸ਼ ਸਿੰਘ, ਹਰਨਾਮ ਸਿੰਘ, ਜਗਤ ਸਿੰਘ, ਸੁਰੈਣ ਸਿੰਘ , ਸੁਰੈਣ ਅਤੇ ਵਿਸ਼ਨੂੰ ਗਣੇਸ਼ ਪਿੰਗਲੇ,ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫ਼ਾਂਸੀ ਚੜ੍ਹਾਇਆ ਗਿਆ। ਜਦੋਂ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦੇਣ ਲੱਗੇ ਤਾਂ ਕਰਤਾਰ ਸਿੰਘ ਸਰਾਭਾ ਦੇ ਚਿਹਰੇ ਦੇ ਇੱਕ ਵੱਖਰੀ ਹੀ ਚਮਕ ਤੇ ਵੱਖਰਾ ਹੀ ਜਾਹੋ ਜਲਾਲ ਸੀ। ਆਖਰੀ ਮੁਲਾਕਾਤ ਦੌਰਾਨ ਉਹ ਆਪਣੇ ਦਾਦੇ ਨੂੰ ਵੀ ਚੜ੍ਹਦੀ ਕਲਾ ਵਿੱਚ ਰਹਿਣ ਦਾ ਸੁਨੇਹਾ ਦਿੰਦਾ। ਸਰਦਾਰ ਕਰਤਾਰ ਸਿੰਘ ਸਰਾਭੇ ਦੀ ਸ਼ਹਾਦਤ ਨੇ ਉਸ ਸਮੇਂ ਪੂਰੇ ਦੇਸ ਦੇ ਲੋਕਾਂ ਤੇ ਖ਼ਾਸਕਰ ਨੌਜਵਾਨਾਂ ਨੂੰ ਬਹੁਤ ਹੀ ਪ੍ਰਭਾਵਿਤ ਕੀਤਾ ਸੀ ਉਹਨਾਂ ਹੀ ਨੌਜਵਾਨਾਂ ਵਿਚੋਂ ਇੱਕ ਸ. ਭਗਤ ਸਿੰਘ ਵੀ ਸੀ ਜੋ ਕਿ ਸ. ਕਰਤਾਰ ਸਿੰਘ ਸਰਾਭੇ ਨੂੰ ਆਪਣਾ ਗੁਰੂ ਮੰਨਦਾ ਸੀ।

ਸ. ਕਰਤਾਰ ਸਿੰਘ ਸਰਾਭੇ ਤੇ ਭਗਤ ਸਿੰਘ ਹੁਰੀਂ ਤਾਂ ਆਪਣੇ ਫ਼ਰਜ਼ ਨਿਭਾ ਚੱਲੇ ਹੁਣ ਲੋੜ ਹੈ ਅੱਜ ਦੀ ਸਾਡੀ ਨੌਜਵਾਨ ਪੀੜ੍ਹੀ ਨੂੰ ਕਿ ਉਹਨਾਂ ਦੇ ਪਾਏ ਪੂਰਨਿਆਂ 'ਤੇ ਕਿਵੇਂ ਚੱਲਣਾ ਕਿਉਂਕਿ ਜੇ ਦੇਖਿਆ ਜਾਵੇ ਅੱਜ ਦੇ ਹਾਲਾਤ ਵੀ ਉਵੇਂ ਹੀ ਬਣਦੇ ਜਾ ਰਹੇ ਨੇ,ਦੇਸ ਵਿੱ

ਪੰਨੂ ਕਤਲ ਸਾਜ਼ਿਸ਼ ਮਾਮਲਾ

ਸਜ਼ਾ ਤੋਂ ਪਹਿਲਾਂ ਨਿਖਿਲ ਗੁਪਤਾ ਦਾ ਜੱਜ ਨੂੰ ਭਾਵੁਕ ਪੱਤਰ, ਕਿਹਾ- 2023 ਦੀਆਂ ਗਲਤੀਆਂ 'ਤੇ ਅੱਜ ਵੀ ਪਛਤਾਵਾ

20 ਨਵੰਬਰ ਨੂੰ ਅਮਰੀਕੀ ਅਦਾਲਤ ਸੁਣਾਏਗੀ ਸਜ਼ਾ, ਪੰਨੂ ਨੂੰ ਵੀ ਅਦਾਲਤ ਵਿੱਚ ਆਪਣਾ ਪੱਖ ਰੱਖਣ ਲਈ ਮਿਲ ਸਕਦੇ ਹਨ 20 ਮਿੰਟ; ਸਰਕਾਰੀ ਵਕੀਲ ਆਡੀਓ-ਵੀਡੀਓ ਸਬੂਤ ਵੀ ਪੇਸ਼ ਕਰਨਗੇ

ਨਿਊਯਾਰਕ, 15 ਨਵੰਬਰ (ਆਵਾਜ਼ਿ ਕੌਮ ਬਿਊਰੋ)- ਅਮਰੀਕਾ ਵਿੱਚ ਖਾਲਿਸਤਾਨ ਪੱਖੀ ਸਿੱਖ ਆਗੂ ਗੁਰਪਤਵੰਤ ਸਿੰਘ ਪੰਨੂ ਦੀ ਹੱਤਿਆ ਦੀ ਕਥਿਤ ਸਾਜ਼ਿਸ਼ ਨਾਲ ਜੁੜੇ ਮਾਮਲੇ ਵਿੱਚ ਭਾਰਤੀ ਮੂਲ ਦੇ ਨਿਖਿਲ ਗੁਪਤਾ ਦੀ ਸਜ਼ਾ ਤੋਂ ਪਹਿਲਾਂ ਇੱਕ ਨਵਾਂ ਮੋੜ ਸਾਹਮਣੇ ਆਇਆ ਹੈ। ਨਿਖਿਲ ਗੁਪਤਾ ਨੇ ਅਮਰੀਕਾ ਦੀ ਸੰਘੀ ਅਦਾਲਤ ਦੇ ਜੱਜ ਵਿਕਟਰ ਮਾਰੇਰੋ ਨੂੰ ਪੱਤਰ ਲਿਖ ਕੇ ਆਪਣੇ ਕੀਤੇ 'ਤੇ ਪਛਤਾਵਾ ਜ਼ਾਹਰ ਕੀਤਾ ਹੈ ਅਤੇ ਮੁਆਫ਼ੀ ਮੰਗੀ ਹੈ।

20 ਨਵੰਬਰ 2026 ਨੂੰ ਹੋਣ ਵਾਲੀ ਸਜ਼ਾ ਦੀ ਸੁਣਵਾਈ ਤੋਂ ਪਹਿਲਾਂ ਲਿਖੇ ਇਸ ਪੱਤਰ ਵਿੱਚ ਗੁਪਤਾ ਨੇ ਆਪਣੀ ਮਾਨਸਿਕ ਹਾਲਤ, ਸ਼ਰਾਬ ਦੀ ਆਦਤ, ਪਰਿਵਾਰ ਤੋਂ ਵਿਛੋੜੇ, ਜੇਲ੍ਹ ਵਿੱਚ ਬਿਤਾਏ ਔਖੇ ਸਮੇਂ ਅਤੇ ਖ਼ੁਦਕੁਸ਼ੀ ਦੇ ਵਿਚਾਰਾਂ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ ਹੈ। ਉਸ ਨੇ ਕਿਹਾ ਕਿ 2023 ਦੀ ਸ਼ੁਰੂਆਤ ਵਿੱਚ ਉਹ ਅਜਿਹੀਆਂ ਗ.ਲਤੀਆਂ ਕਰ ਬੈਠਾ, ਜਿਨ੍ਹਾਂ ਨੂੰ ਅੱਜ ਯਾਦ ਕਰਕੇ ਉਸ ਨੂੰ ਪਛਤਾਵਾ ਹੁੰਦਾ ਹੈ।

ਗੁਪਤਾ ਨੇ ਆਪਣੇ ਪੱਤਰ ਵਿੱਚ ਲਿਖਿਆ ਕਿ ਉਹ ਸਮੇਂ ਨੂੰ ਪਿੱਛੇ ਮੋੜ ਕੇ ਆਪਣੀਆਂ ਗ.ਲਤੀਆਂ ਸੁਧਾਰਨਾ ਚਾਹੁੰਦਾ ਹੈ। ਉਸ ਨੇ ਇਹ ਵੀ ਕਿਹਾ ਕਿ ਗ੍ਰਿਫ਼ਤਾਰੀ ਤੋਂ ਬਾਅਦ ਕਈ ਹਫ਼ਤਿਆਂ ਤੱਕ ਉਹ ਆਪਣੇ ਪਰਿਵਾਰ ਨੂੰ ਇਹ ਵੀ ਨਹੀਂ ਦੱਸ ਸਕਿਆ ਕਿ ਉਹ ਜ਼ਿੰਦਾ ਹੈ।



1. ਨਿਖਿਲ ਗੁਪਤਾ ਨੇ ਪੱਤਰ ਵਿੱਚ ਕੀ ਕੁਝ ਕਿਹਾ ?

ਨਿਖਿਲ ਗੁਪਤਾ ਦੇ ਪੱਤਰ ਵਿੱਚੋਂ ਕੁਝ ਅਹਿਮ ਗੱਲਾਂ ਸਾਹਮਣੇ ਆਈਆਂ ਹਨ:

*ਮਾਨਸਿਕ ਪ੍ਰੇਸ਼ਾਨੀ: ਉਸ ਨੇ ਮੰਨਿਆ ਕਿ 2023 ਦੌਰਾਨ ਨਿੱਜੀ ਜ਼ਿੰਦਗੀ ਦੇ ਸੰਘਰਸ਼ਾਂ ਅਤੇ ਬਹੁਤ ਜ਼ਿਆਦਾ ਸ਼ਰਾਬ ਪੀਣ ਕਾਰਨ ਉਸ ਦੀ ਫ਼ੈਸਲਾ ਲੈਣ ਦੀ ਸਮਰੱਥਾ ਪ੍ਰਭਾਵਿਤ ਹੋਈ ਸੀ।

*ਪਰਿਵਾਰ ਨਾਲ ਸੰਪਰਕ ਨਾ ਹੋਣਾ: ਗ੍ਰਿਫ਼ਤਾਰੀ ਤੋਂ ਬਾਅਦ ਉਸ ਦੀ ਸਭ ਤੋਂ ਵੱਡੀ ਚਿੰਤਾ ਆਪਣੇ ਪਰਿਵਾਰ ਨੂੰ ਆਪਣੀ ਸਲਾਮਤੀ ਬਾਰੇ ਦੱਸਣ ਦੀ ਸੀ। ਪਰ ਕਾਨੂੰਨੀ ਅਤੇ ਹਿਰਾਸਤੀ ਪਾਬੰਦੀਆਂ ਕਾਰਨ ਉਹ ਕਈ ਹਫ਼ਤਿਆਂ ਤੱਕ ਸੰਪਰਕ ਨਹੀਂ ਕਰ ਸਕਿਆ।

*ਖ਼ੁਦਕੁਸ਼ੀ ਦੇ ਵਿਚਾਰ: ਉਸ ਨੇ ਦੱਸਿਆ ਕਿ ਹਿਰਾਸਤ ਦੇ ਸ਼ੁਰੂਆਤੀ ਦਿਨਾਂ ਵਿੱਚ ਉਹ ਗੰਭੀਰ ਮਾਨਸਿਕ ਸੰਕਟ ਵਿੱਚੋਂ ਲੰਘਿਆ ਅਤੇ ਉਸ ਦੇ ਮਨ ਵਿੱਚ ਖ਼ੁਦਕੁਸ਼ੀ ਦੇ ਵਿਚਾਰ ਵੀ ਆਏ।

*ਜੇਲ੍ਹ ਵਿੱਚ ਬਦਲਾਅ: ਉਸ ਨੇ ਦੱਸਿਆ ਕਿ ਇਕੱਲੇਪਣ ਅਤੇ ਮਾੜੇ ਹਾਲਾਤਾਂ ਨਾਲ ਨਜਿੱਠਣ ਲਈ ਉਸ ਨੇ ਯੋਗ, ਧਿਆਨ, ਪ੍ਰਾਰਥਨਾ ਅਤੇ ਧਾਰਮਿਕ ਤੇ ਅਧਿਆਤਮਿਕ ਕਿਤਾਬਾਂ ਦਾ ਸਹਾਰਾ ਲਿਆ।

*ਪਰਿਵਾਰ ਲਈ ਪਛਤਾਵਾ: ਉਸ ਨੇ ਆਪਣੀ ਪਤਨੀ, ਬੱਚਿਆਂ, ਮਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਨੂੰ ਪਹੁੰਚੇ ਦੁੱਖ ਦਾ ਜ਼ਿਕਰ ਕੀਤਾ। ਉਸ ਨੇ ਆਪਣੇ ਦੋ ਪਾਲਤੂ ਬਿੱਲਿਆਂ ਦਾ ਵੀ ਜ਼ਿਕਰ ਕੀਤਾ।

ਟਾਈਮਜ਼ ਆਫ਼ ਇੰਡੀਆ ਦੀ 14 ਅਤੇ 15 ਨਵੰਬਰ ਦੀਆਂ ਰਿਪੋਰਟਾਂ ਮੁਤਾਬਕ, ਗੁਪਤਾ ਨੇ ਜੇਲ੍ਹ ਵਿੱਚ ਯੋਗ ਕਰਨ ਕਾਰਨ ਹੋਰ ਕੈਦੀਆਂ ਅਤੇ ਜੇਲ੍ਹ ਕਰਮਚਾਰੀਆਂ ਵਿੱਚ ਵੀ ਆਪਣੀ ਵੱਖਰੀ ਪਛਾਣ ਬਣਾਈ ਸੀ। ਉਸ ਨੂੰ ਕਥਿਤ ਤੌਰ 'ਤੇ 'ਇੰਡੀਅਨ ਯੋਗਾ' ਕਹਿ ਕੇ ਵੀ ਬੁਲਾਇਆ ਜਾਂਦਾ ਸੀ।

2. ਸਭ ਤੋਂ ਅਹਿਮ ਗੱਲ: ਨਿਖਿਲ ਗੁਪਤਾ ਨੇ ਫਰਵਰੀ 2026 ਵਿੱਚ ਹੀ ਗੁਨਾਹ ਕਬੂਲ ਕਰ ਲਿਆ ਸੀ

ਇਸ ਮਾਮਲੇ ਵਿੱਚ ਇੱਕ ਮਹੱਤਵਪੂਰਨ ਤੱਥ ਇਹ ਹੈ ਕਿ ਨਿਖਿਲ ਗੁਪਤਾ ਦਾ ਜੱਜ ਨੂੰ ਲਿਖਿਆ ਪਛਤਾਵੇ ਵਾਲਾ ਪੱਤਰ ਉਸ ਦਾ ਪਹਿਲਾ ਇਕਬਾਲ ਨਹੀਂ ਹੈ।

13 ਫਰਵਰੀ 2026 ਨੂੰ ਉਸ ਨੇ ਨਿਊਯਾਰਕ ਦੀ ਸੰਘੀ ਅਦਾਲਤ ਵਿੱਚ ਆਪਣੇ ਵਿਰੁੱਧ ਲੱਗੇ ਤਿੰਨੋਂ ਦੋਸ਼ਾਂ ਲਈ ਦੋਸ਼ ਕਬੂਲ ਕਰ ਲਿਆ ਸੀ।

ਉਸ ਵਿਰੁੱਧ ਮੁੱਖ ਤੌਰ 'ਤੇ ਇਹ ਤਿੰਨ ਦੋਸ਼ ਸਨ:

* ਪੈਸੇ ਦੇ ਬਦਲੇ ਕਤਲ ਕਰਵਾਉਣ ਦੀ ਸਾਜ਼ਿਸ਼।

* ਕਤਲ ਕਰਵਾਉਣ ਦੀ ਸਾਜ਼ਿਸ਼ ਵਿੱਚ ਸ਼ਾਮਲ ਹੋਣਾ

* ਮਨੀ ਲਾਂਡਰਿੰਗ ਦੀ ਸਾਜ਼ਿਸ਼

ਅਮਰੀਕੀ ਨਿਆਂ ਵਿਭਾਗ ਅਨੁਸਾਰ, ਇਨ੍ਹਾਂ ਤਿੰਨ ਦੋਸ਼ਾਂ ਲਈ ਕਾਨੂੰਨੀ ਤੌਰ 'ਤੇ ਵੱਧ ਤੋਂ ਵੱਧ ਸਜ਼ਾ ਦਾ ਜੋੜ 40 ਸਾਲ ਤੱਕ ਹੋ ਸਕਦਾ ਹੈ। ਹਾਲਾਂਕਿ ਇਹ ਵੱਧ ਤੋਂ ਵੱਧ ਕਾਨੂੰਨੀ ਹੱਦ ਹੈ, ਨਾ ਕਿ ਅਦਾਲਤ ਵੱਲੋਂ ਸੁਣਾਈ ਜਾਣ ਵਾਲੀ ਤੈਅ ਸਜ਼ਾ। ਅਸਲ ਸਜ਼ਾ ਦਾ ਫ਼ੈਸਲਾ ਜੱਜ ਕਰਨਗੇ।

3. ਪੰਨੂ ਦੀ ਹੱਤਿਆ ਦੀ ਸਾਜ਼ਿਸ਼ ਕਿਵੇਂ ਰਚੀ ਗਈ ਸੀ ?

ਅਮਰੀਕੀ ਜਾਂਚ ਏਜੰਸੀਆਂ ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਗਏ ਦੋਸ਼ਾਂ ਅਨੁਸਾਰ, ਇਹ ਕਥਿਤ ਸਾਜ਼ਿਸ਼ 2023 ਵਿੱਚ ਰਚੀ ਗਈ ਸੀ। ਅਮਰੀਕੀ ਸਰਕਾਰੀ ਵਕੀਲਾਂ ਦਾ ਦਾਅਵਾ ਹੈ ਕਿ ਨਿਖਿਲ ਗੁਪਤਾ ਨੂੰ ਭਾਰਤੀ ਸਰਕਾਰੀ ਕਰਮਚਾਰੀ ਵਿਕਾਸ ਯਾਦਵ ਨੇ ਇਸ ਕੰਮ ਲਈ ਤਿਆਰ ਕੀਤਾ ਸੀ। ਦੋਸ਼ਾਂ ਮੁਤਾਬਕ, ਯਾਦਵ ਨੇ ਗੁਪਤਾ ਰਾਹੀਂ ਇੱਕ ਅਜਿਹੇ ਵਿਅਕਤੀ ਨਾਲ ਸੰਪਰਕ ਕਰਵਾਇਆ, ਜਿਸ ਨੂੰ ਉਹ ਕਿਰਾਏ ਦਾ ਕਾਤਲ ਸਮਝ ਰਿਹਾ ਸੀ। ਪਰ ਅਸਲ ਵਿੱਚ ਉਹ ਅਮਰੀਕੀ ਡਰੱਗ ਇਨਫੋਰਸਮੈਂਟ ਐਡਮਿਨਿਸਟ੍ਰੇਸ਼ਨ (451) ਦਾ ਅੰਡਰਕਵਰ ਅਧਿਕਾਰੀ ਸੀ।

ਅਮਰੀਕੀ ਜਾਂਚ ਅਨੁਸਾਰ:

* ਪੰਨੂ ਦੀ ਹੱਤਿਆ ਲਈ 1 ਲੱਖ ਅਮਰੀਕੀ ਡਾਲਰ ਦੇਣ ਦੀ ਗੱਲ ਹੋਈ ਸੀ।

* 9 ਜੂਨ 2023 ਨੂੰ 15 ਹਜ਼ਾਰ ਡਾਲਰ ਦੀ ਅਗਾਊਂ ਰਕਮ ਦਿੱਤੀ ਗਈ ਸੀ।

* ਪੰਨੂ ਦੇ ਘਰ ਦਾ ਪਤਾ, ਫ਼ੋਨ ਨੰਬਰ ਅਤੇ ਰੋਜ਼ਾਨਾ ਦੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਕਥਿਤ ਤੌਰ 'ਤੇ ਸਾਂਝੀ ਕੀਤੀ ਗਈ ਸੀ।



* ਅਮਰੀਕੀ ਜਾਂਚ ਏਜੰਸੀਆਂ ਨੇ ਇਸ ਸਾਜ਼ਿਸ਼ ਨੂੰ ਅਮਲ ਵਿੱਚ ਆਉਣ ਤੋਂ ਪਹਿਲਾਂ ਨਾਕਾਮ ਕਰ ਦਿੱਤਾ ਸੀ।

ਇਸ ਮਾਮਲੇ ਵਿੱਚ ਵਿਕਾਸ ਯਾਦਵ ਨੂੰ ਵੀ ਅਕਤੂਬਰ 2024 ਵਿੱਚ ਅਮਰੀਕੀ ਨਿਆਂ ਵਿਭਾਗ ਵੱਲੋਂ ਦੋਸ਼ੀ ਨਾਮਜ਼ਦ ਕੀਤਾ ਗਿਆ ਸੀ। ਉਹ ਅਮਰੀਕੀ ਹਿਰਾਸਤ ਵਿੱਚ ਨਹੀਂ ਹੈ।

ਇੱਕ ਅਹਿਮ ਫ਼ਰਕ: ਅਮਰੀਕੀ ਸਰਕਾਰੀ ਵਕੀਲਾਂ ਦਾ ਦਾਅਵਾ ਹੈ ਕਿ ਇਹ ਸਾਜ਼ਿਸ਼ ਵਿਕਾਸ ਯਾਦਵ ਦੇ ਨਿਰਦੇਸ਼ਾਂ ਹੇਠ ਰਚੀ ਗਈ ਸੀ, ਜਦਕਿ ਨਿਖਿਲ ਗੁਪਤਾ ਦੇ ਤਾਜ਼ਾ ਪੱਤਰ ਬਾਰੇ ਮੀਡੀਆ ਰਿਪੋਰਟਾਂ ਵਿੱਚ ਉਸ ਵੱਲੋਂ ਇਕੱਲਿਆਂ ਕਾਰਵਾਈ ਕਰਨ ਦਾ ਦਾਅਵਾ ਵੀ ਸਾਹਮਣੇ ਆਇਆ ਹੈ। ਇਹ ਉਸ ਦਾ ਆਪਣਾ ਬਿਆਨ ਹੈ, ਅਦਾਲਤ ਵੱਲੋਂ ਸਥਾਪਤ ਤੱਥ ਨਹੀਂ।

4. ਨਿਖਿਲ ਗੁਪਤਾ ਦੀ ਗ੍ਰਿਫ਼ਤਾਰੀ ਕਿੱਥੇ ਹੋਈ ਸੀ ?

ਆਵਾਜ਼ਿ ਕੌਮ AWAZE QAUM International Newspaper & WEB TV

ਇਸ ਮਾਮਲੇ ਦੀ ਜਾਂਚ ਸਿਰਫ਼ ਅਮਰੀਕਾ ਤੱਕ ਸੀਮਤ ਨਹੀਂ ਰਹੀ, ਸਗੋਂ ਇਸ ਵਿੱਚ ਤਿੰਨ ਦੇਸ਼ਾਂ ਦੀ ਭੂਮਿਕਾ ਸਾਹਮਣੇ ਆਈ।

* 30 ਜੂਨ 2023: ਨਿਖਿਲ ਗੁਪਤਾ ਨੂੰ ਚੈੱਕ ਗਣਰਾਜ ਦੀ ਰਾਜਧਾਨੀ ਪ੍ਰਾਗ ਵਿੱਚ ਗ੍ਰਿਫ਼ਤਾਰ ਕੀਤਾ ਗਿਆ।

* ਜੂਨ 2024: ਉਸ ਨੂੰ ਚੈੱਕ ਗਣਰਾਜ ਤੋਂ ਅਮਰੀਕਾ ਹਵਾਲੇ ਕੀਤਾ ਗਿਆ।

* 2024 ਤੋਂ ਬਾਅਦ: ਉਸ ਨੂੰ ਨਿਊਯਾਰਕ ਦੀ ਬਰੁਕਲਿਨ ਸਥਿਤ ਮੈਟਰੋਪੋਲੀਟਨ ਡਿਟੈਂਸ਼ਨ ਸੈਂਟਰ ਵਿੱਚ ਰੱਖਿਆ ਗਿਆ।

* 13 ਫਰਵਰੀ 2026: ਉਸ ਨੇ ਅਮਰੀਕੀ ਅਦਾਲਤ ਵਿੱਚ ਤਿੰਨੋਂ ਦੋਸ਼ ਕਬੂਲ ਕਰ ਲਏ।

ਉਸ ਨੇ ਆਪਣੇ ਤਾਜ਼ਾ ਪੱਤਰ ਵਿੱਚ ਚੈੱਕ ਗਣਰਾਜ ਦੀ ਜੇਲ੍ਹ ਵਿੱਚ ਇਕੱਲੇ ਰੱਖੇ ਜਾਣ ਅਤੇ ਬਾਅਦ ਵਿੱਚ ਅਮਰੀਕਾ ਦੀ ਜੇਲ੍ਹ ਵਿੱਚ ਬਿਤਾਏ ਸਮੇਂ ਨੂੰ ਵੀ ਆਪਣੀ ਜ਼ਿੰਦਗੀ ਦਾ ਬਹੁਤ ਔਖਾ ਦੌਰ ਦੱਸਿਆ ਹੈ।

5. 20 ਨਵੰਬਰ ਦੀ ਸੁਣਵਾਈ ਵਿੱਚ ਗੁਰਪਤਵੰਤ ਸਿੰਘ ਪੰਨੂ ਵੀ ਹੋਣਗੇ ਸ਼ਾਮਲ

ਇਸ ਮਾਮਲੇ ਵਿੱਚ ਹੁਣ ਸਭ ਤੋਂ ਵੱਧ ਚਰਚਾ 20 ਨਵੰਬਰ ਦੀ ਸੁਣਵਾਈ ਨੂੰ ਲੈ ਕੇ ਹੋ ਰਹੀ ਹੈ।

ਅਮਰੀਕੀ ਸੰਘੀ ਸਰਕਾਰੀ ਵਕੀਲਾਂ ਨੇ ਜੱਜ ਵਿਕਟਰ ਮਾਰੇਰੋ ਨੂੰ ਬੇਨਤੀ ਕੀਤੀ ਹੈ ਕਿ ਮਾਮਲੇ ਦੇ ਪੀੜਤ ਗਵਾਹ ਵਜੋਂ ਗੁਰਪਤਵੰਤ ਸਿੰਘ ਪੰਨੂ ਨੂੰ ਅਦਾਲਤ ਵਿੱਚ ਆਪਣਾ ਪੱਖ ਰੱਖਣ ਲਈ ਲਗਭਗ 20 ਮਿੰਟ ਦਿੱਤੇ ਜਾਣ।

ਇਸ ਤੋਂ ਇਲਾਵਾ ਸਰਕਾਰੀ ਵਕੀਲਾਂ ਨੇ ਤਿੰਨ ਹੋਰ ਅਹਿਮ ਗੱਲਾਂ ਅਦਾਲਤ ਦੇ ਧਿਆਨ ਵਿੱਚ ਲਿਆਂਦੀਆਂ ਹਨ:

* ਸੁਣਵਾਈ ਦੌਰਾਨ ਲਗਭਗ 15 ਮਿੰਟ ਦੇ ਆਡੀਓ ਅਤੇ ਵੀਡੀਓ ਸਬੂਤ ਚਲਾਉਣ ਦੀ ਤਿਆਰੀ ਹੈ।

* ਇਸ ਸੁਣਵਾਈ ਵਿੱਚ ਲਗਭਗ 200 ਲੋਕਾਂ ਦੇ ਪਹੁੰਚਣ ਦੀ ਸੰਭਾਵਨਾ ਪ੍ਰਗਟਾਈ ਗਈ ਹੈ।

* ਵੱਧ ਲੋਕਾਂ ਦੀ ਮੌਜੂਦਗੀ ਨੂੰ ਦੇਖਦਿਆਂ ਅਦਾਲਤ ਵਿੱਚ ਵਾਧੂ ਜਾਂ ਸਮਾਰੋਹੀ ਕੋਰਟ ਰੂਮ ਦੀ ਵਿਵਸਥਾ ਕਰਨ ਦੀ ਬੇਨਤੀ ਕੀਤੀ ਗਈ ਹੈ।

ਇਹ ਸਾਰੀਆਂ ਗੱਲਾਂ ਸਰਕਾਰੀ ਵਕੀਲਾਂ ਦੀਆਂ ਬੇਨਤੀਆਂ ਹਨ। ਇਨ੍ਹਾਂ ਨੂੰ ਜੱਜ ਵੱਲੋਂ ਮਨਜ਼ੂਰ ਕੀਤੇ ਜਾਣ ਦਾ ਦਾਅਵਾ ਨਹੀਂ ਕੀਤਾ ਜਾਣਾ ਚਾਹੀਦਾ।

6. ਭਾਰਤ ਅਤੇ ਅਮਰੀਕਾ ਦੇ ਸਬੰਧਾਂ 'ਤੇ ਵੀ ਪਿਆ ਸੀ ਇਸ ਮਾਮਲੇ ਦਾ ਅਸਰ

ਇਹ ਮਾਮਲਾ ਸਿਰਫ਼ ਇੱਕ ਕਥਿਤ ਕਤਲ ਦੀ ਸਾਜ਼ਿਸ਼ ਤੱਕ ਸੀਮਤ ਨਹੀਂ ਰਿਹਾ। ਇਸ ਨੇ ਭਾਰਤ ਅਤੇ ਅਮਰੀਕਾ ਦੇ ਕੂਟਨੀਤਕ ਸਬੰਧਾਂ ਵਿੱਚ ਵੀ ਤਣਾਅ ਪੈਦਾ ਕੀਤਾ ਸੀ।

ਅਮਰੀਕਾ ਨੇ ਦੋਸ਼ ਲਾਇਆ ਸੀ ਕਿ ਪੰਨੂ ਨੂੰ ਨਿਸ਼ਾਨਾ ਬਣਾਉਣ ਦੀ ਸਾਜ਼ਿਸ਼ ਵਿੱਚ ਇੱਕ ਭਾਰਤੀ ਸਰਕਾਰੀ ਕਰਮਚਾਰੀ ਦੀ ਭੂਮਿਕਾ ਸੀ। ਭਾਰਤ ਸਰਕਾਰ ਨੇ ਇਸ ਮਾਮਲੇ ਵਿੱਚ ਆਪਣੇ ਪੱਧਰ 'ਤੇ ਜਾਂਚ ਅਤੇ ਜਵਾਬਦੇਹੀ ਦੀ ਗੱਲ ਕੀਤੀ ਸੀ ਅਤੇ ਅਮਰੀਕਾ ਵੱਲੋਂ ਲਗਾਏ ਗਏ ਸਰਕਾਰੀ ਸ਼ਮੂਲੀਅਤ ਦੇ ਦੋਸ਼ਾਂ ਨੂੰ ਸਵੀਕਾਰ ਨਹੀਂ ਕੀਤਾ ਸੀ।

ਇੱਥੇ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਨਿਖਿਲ ਗੁਪਤਾ ਵੱਲੋਂ ਅਪਰਾਧ ਕਬੂਲ ਕਰਨ ਦਾ ਮਤਲਬ ਆਪਣੇ ਆਪ ਇਹ ਨਹੀਂ ਹੈ ਕਿ ਭਾਰਤ ਸਰਕਾਰ ਦੀ ਸ਼ਮੂਲੀਅਤ ਵੀ ਅਦਾਲਤ ਵਿੱਚ ਸਾਬਤ ਹੋ ਗਈ ਹੈ। ਦੋਵੇਂ ਮਾਮਲਿਆਂ ਨੂੰ ਵੱਖਰੇ ਤੌਰ 'ਤੇ ਦੇਖਣਾ ਜ਼ਰੂਰੀ ਹੈ।

7. ਹੁਣ ਸਭ ਤੋਂ ਵੱਡੇ ਸਵਾਲ ਕੀ ਹਨ ?

20 ਨਵੰਬਰ ਦੀ ਸੁਣਵਾਈ ਤੋਂ ਪਹਿਲਾਂ ਇਸ ਮਾਮਲੇ ਵਿੱਚ ਕੁਝ ਅਜਿਹੇ ਸਵਾਲ ਹਨ, ਜਿਨ੍ਹਾਂ 'ਤੇ ਦੁਨੀਆ ਭਰ ਦੀਆਂ ਨਜ਼ਰਾਂ ਰਹਿਣਗੀਆਂ:

* ਕੀ ਜੱਜ ਨਿਖਿਲ ਗੁਪਤਾ ਨੂੰ ਵੱਧ ਤੋਂ ਵੱਧ 40 ਸਾਲ ਦੀ ਸਜ਼ਾ ਦੇਣਗੇ ਜਾਂ ਇਸ ਤੋਂ ਘੱਟ ?

* ਕੀ ਗੁਪਤਾ ਦਾ ਪਛਤਾਵੇ ਵਾਲਾ ਪੱਤਰ ਉਸ ਦੀ ਸਜ਼ਾ ਤੈਅ ਕਰਨ ਸਮੇਂ ਕੋਈ ਅਹਿਮ ਭੂਮਿਕਾ ਨਿਭਾਏਗਾ ?


* ਕੀ ਗੁਰਪਤਵੰਤ ਸਿੰਘ ਪੰਨੂ ਅਦਾਲਤ ਵਿੱਚ ਆਪਣਾ ਪੱਖ ਰੱਖਦਿਆਂ ਕੋਈ ਨਵੇਂ ਖੁਲਾਸੇ ਕਰਨਗੇ ?

* ਕੀ ਸਰਕਾਰੀ ਵਕੀਲਾਂ ਵੱਲੋਂ ਪੇਸ਼ ਕੀਤੇ ਜਾਣ ਵਾਲੇ ਆਡੀਓ-ਵੀਡੀਓ ਸਬੂਤਾਂ ਵਿੱਚ ਕੋਈ ਨਵੀਂ ਜਾਣਕਾਰੀ ਸਾਹਮਣੇ ਆਵੇਗੀ ? *ਕੀ ਇਸ ਮਾਮਲੇ ਵਿੱਚ ਵਿਕਾਸ ਯਾਦਵ ਦੀ ਭੂਮਿਕਾ ਅਤੇ ਉਸ ਵਿਰੁੱਧ ਚੱਲ ਰਹੀ ਕਾਨੂੰਨੀ ਕਾਰਵਾਈ ਬਾਰੇ ਵੀ ਕੋਈ ਨਵੀਂ ਜਾਣਕਾਰੀ ਸਾਹਮਣੇ ਆਵੇਗੀ ?

ਰਿਪੋਰਟ ਦਾ ਨਿਚੋੜ-ਨਿਖਿਲ ਗੁਪਤਾ ਦਾ ਜੱਜ ਨੂੰ ਲਿਖਿਆ ਪੱਤਰ ਇਸ ਹਾਈ-ਪ੍ਰੋਫਾਈਲ ਕੇਸ ਵਿੱਚ ਇੱਕ ਅਹਿਮ ਘਟਨਾਕ੍ਰਮ ਹੈ। ਫਰਵਰੀ 2026 ਵਿੱਚ ਦੋਸ਼ ਕਬੂਲ ਕਰਨ ਤੋਂ ਬਾਅਦ ਹੁਣ ਉਹ ਸਜ਼ਾ ਤੋਂ ਪਹਿਲਾਂ ਆਪਣੀ ਮਾਨਸਿਕ ਹਾਲਤ, ਨਿੱਜੀ ਸੰਘਰਸ਼ਾਂ ਅਤੇ ਪਛਤਾਵੇ ਨੂੰ ਅਦਾਲਤ ਦੇ ਸਾਹਮਣੇ ਰੱਖ ਰਿਹਾ ਹੈ। ਦੂਜੇ ਪਾਸੇ, ਅਮਰੀਕੀ ਸਰਕਾਰੀ ਵਕੀਲ ਪੰਨੂ ਨੂੰ ਅਦਾਲਤ ਵਿੱਚ ਆਪਣੀ ਗੱਲ ਰੱਖਣ ਦਾ ਮੌਕਾ ਦੇਣ ਅਤੇ ਆਡੀਓ-ਵੀਡੀਓ ਸਬੂਤ ਪੇਸ਼ ਕਰਨ ਦੀ ਤਿਆਰੀ ਵਿੱਚ ਹਨ। 20 ਨਵੰਬਰ 2026 ਦੀ ਸੁਣਵਾਈ ਇਸ ਮਾਮਲੇ ਦਾ ਇੱਕ ਬਹੁਤ ਅਹਿਮ ਪੜਾਅ ਸਾਬਤ ਹੋ ਸਕਦੀ ਹੈ। ••

ਭਾਰਤ ਦੀ ਸਾਜ਼ਿਸ਼ ਅਮਰੀਕਾ ਦੀ ਪ੍ਰਭੂਸੱਤਾ ਅਤੇ ਸੰਵਿਧਾਨਕ ਆਜ਼ਾਦੀਆਂ ਲਈ ਵੀ ਚੁਣੌਤੀ - ਗੁਰਪਤਵੰਤ ਸਿੰਘ ਪੰਨੂ

☛ ਮੇਰੇ ਕਤਲ ਦੀ ਸਾਜ਼ਿਸ਼ ਨਹੀਂ, ਲੱਖਾਂ ਸਿੱਖਾਂ ਦੀ ਸਿਆਸੀ ਆਵਾਜ਼ ਦਬਾਉਣ ਦੀ ਕੋਸ਼ਿਸ਼' ਅਮਰੀਕੀ ਅਦਾਲਤ 'ਚ ਪੰਨੂ ਦਾ ਵੱਡਾ ਖੁਲਾਸਾ ☛ ਮੋਦੀ ਸਰਕਾਰ 'ਤੇ ਗੰਭੀਰ ਦੋਸ਼, ਪੰਨੂ ਨੇ ਅਦਾਲਤ 'ਚ ਪੇਸ਼ ਕੀਤਾ 12 ਸਫ਼ਿਆਂ ਦਾ ਬਿਆਨ ☛ '1200 ਦਿਨਾਂ ਤੋਂ ਸੁਰੱਖਿਆ ਘੇਰੇ 'ਚ ਜੀਅ ਰਿਹਾ ਹਾਂ, ਮੌਤ ਦਾ ਖ਼ਤਰਾ ਅੱਜ ਵੀ ਬਰਕਰਾਰ, ਨਿੱਝਰ ਕਤਲ ਕਾਂਡ ਤੋਂ ਲੈ ਕੇ ਖ਼ਾਲਿਸਤਾਨ ਰੈਫਰੈਂਡਮ ਤੱਕ ਭਾਰਤ ਸਰਕਾਰ ਨੂੰ ਘੇਰਿਆ ☛ 20 ਨਵੰਬਰ ਨੂੰ ਨਿਖਿਲ ਗੁਪਤਾ ਦੀ ਸਜ਼ਾ-ਸੁਣਵਾਈ ਤੋਂ ਪਹਿਲਾਂ ਅਦਾਲਤੀ ਦਸਤਾਵੇਜ਼ ਨੇ ਮਾਮਲਾ ਮੁੜ ਭਖਾਇਆ।



ਲੰਡਨ/ਨਿਊਯਾਰਕ, 15 ਨਵੰਬਰ (ਸਰਬਜੀਤ ਸਿੰਘ ਬਨੂੜ) – ਅਮਰੀਕਾ ਵਿੱਚ ਖ਼ਾਲਿਸਤਾਨੀ ਆਗੂ ਗੁਰਪਤਵੰਤ ਸਿੰਘ ਪੰਨੂ ਦੇ ਕਤਲ ਦੀ ਨਾਕਾਮ ਸਾਜ਼ਿਸ਼ ਦੇ ਮਾਮਲੇ ਵਿੱਚ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਇੱਕ ਵਾਰ ਮੁੜ ਗੰਭੀਰ ਦੋਸ਼ਾਂ ਦੇ ਘੇਰੇ ਵਿੱਚ ਆ ਗਈ ਹੈ। ਸਿੱਖਸ ਫਾਰ ਜਸਟਿਸ ਦੇ ਜਨਰਲ ਕੌਂਸਲ ਅਤੇ ਅਮਰੀਕੀ ਵਕੀਲ ਗੁਰਪਤਵੰਤ ਸਿੰਘ ਪੰਨੂ ਨੇ ਨਿਊਯਾਰਕ ਦੀ ਸੰਘੀ

ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ ਵਿਖੇ

ਧੂਮ ਧਾਮ ਨਾਲ ਮਨਾਇਆ ਗਿਆ ਬਾਲ ਦਿਵਸ











ਬਰਨਾਲਾ (ਵਰਿਆਮ ਹਠੂਰ) ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਐੱਸ ਜੀ ਐੱਨ ਇੰਟਰਨੈਸ਼ਨਲ ਸਕੂਲ ਦੀਵਾਨਾ (ਬਰਨਾਲਾ) ਵਿਖੇ ਧੂਮ ਧਾਮ ਨਾਲ ਬਾਲ ਦਿਵਸ ਮਨਾਇਆ ਗਿਆ, ਸਵੇਰੇ ਇੰਟਰੀ ਮੌਕੇ ਸਕੂਲ ਸਟਾਫ਼ ਵੱਲੋਂ ਬੱਚਿਆਂ ਤੋਂ ਦੀ ਫੁੱਲਾਂ ਦੀ ਵਰਖਾ ਕੀਤੀ ਗਈ, ਵਿਸ਼ੇਸ਼ ਤੌਰ ਤੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਰੀਬਨ ਕੱਟਣ ਦੀ ਰਸਮ ਅਦਾ ਕੀਤੀ, ਤੇ ਪ੍ਰੋਗਰਾਮ ਦੀ ਸ਼ੁਰੂਆਤ ਤਾੜੀਆਂ ਦੀ ਗੂੰਜ ਵਿੱਚ ਹੋਈ। ਇਸ ਮੌਕੇ ਬੱਚਿਆਂ ਦੇ ਮੰਨੋਰੰਜਨ ਲਈ ਮਿੱਕੀ ਮਾਊਸ, ਜੰਪਿੰਗ, ਟ੍ਰੇਨ, ਝੂਲਿਆਂ ਆਦਿ ਦਾ ਖਾਸ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਸਕੂਲ ਪ੍ਰਬੰਧਕਾਂ ਵੱਲੋਂ ਬੱਚਿਆਂ ਦੇ ਖਾਣ ਪੀਣ ਲਈ ਗੋਲ ਗੱਪੇ, ਪਾਪੜ, ਪੌਪ ਕੋਰਨ, ਚਟਪਟੀ ਚਾਟ ਆਦਿ ਦੀਆਂ ਸਟਾਲਾਂ ਲਗਵਾਈਆਂ ਗਈਆਂ।ਸਕੂਲ ਵਿਦਿਆਰਥੀਆਂ ਨੇ ਖੂਬ ਮਨੋਰੰਜਨ ਕੀਤਾ ਤੇ ਲੱਗੀਆਂ ਖਾਣ ਪੀਣ ਵਾਲੀਆਂ ਸਟਾਲਾਂ ਤੋਂ ਖਾਣ ਪੀਣ ਕੀਤਾ ਤੇ ਵਧੀਆ ਢੰਗ ਨਾਲ ਬਾਲ ਦਿਵਸ ਮਨਾਉਣ ਲਈ ਸਮੂਹ ਸਕੂਲ ਸਟਾਫ਼ ਅਤੇ ਮੈਨੇਜਮੈਂਟ ਦਾ ਧੰਨਵਾਦ ਕੀਤਾ। ਸਕੂਲ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ ਨੇ ਗੱਲਬਾਤ ਕਰਦਿਆਂ ਦੱਸਿਆ ਕਿ ਬੱਚੇ ਸਮਾਜ ਦੇ ਨਿਰਮਾਤਾ ਹਨ। ਸਾਡੇ ਸਟਾਫ਼ ਵੱਲੋਂ ਚੰਗੀ ਵਿੱਦਿਆ ਦੇ ਨਾਲ ਨਾਲ ਅਜਿਹੇ ਅਗਾਂਹਵਧੂ ਉਪਰਾਲੇ ਕੀਤੇ ਜਾਂਦੇ ਹਨ ਤਾਂ ਕਿ ਬੱਚਿਆਂ ਦਾ ਸਰਵਪੱਖੀ ਵਿਕਾਸ ਹੋ ਸਕੇ। ਬੱਚਿਆਂ ਨੇ ਇਸ ਪ੍ਰੋਗਰਾਮ ਦਾ ਖੂਬ ਆਨੰਦ ਮਾਣਿਆ। ਸਾਡੇ ਵੱਲੋਂ ਹਮੇਸ਼ਾ ਕੋਸ਼ਿਸ਼ ਰਹਿੰਦੀ ਹੈ ਕਿ ਬੱਚਿਆਂ ਨੂੰ ਵਿੱਦਿਆ ਦੇ ਨਾਲ ਨਾਲ ਸੱਭਿਆਚਾਰਕ ਗਤੀਵਿਧੀਆਂ ਅਤੇ ਖੇਡਾਂ ਨਾਲ ਜੋੜਿਆ ਜਾਵੇ ਤੇ ਸਮੇਂ ਸਮੇਂ ਨਾਲ ਸਕੂਲ ਦੇ ਬੱਚੇ ਖੇਡ ਮੁਕਾਬਲਿਆਂ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਹਨ, ਤੇ ਇਨਾਮ ਜਿੱਤ ਕੇ ਆਪਣਾ ਅਤੇ ਆਪਣੇ ਮਾਪਿਆਂ ਦੇ ਨਾਲ ਨਾਲ ਆਪਣੇ ਪਿੰਡ ਦਾ ਵੀ ਨਾਮ ਰੌਸ਼ਨ ਕਰਦੇ ਹਨ। ਸਮੂਹ ਸਕੂਲ ਸਟਾਫ਼ ਦਾ ਵਧੀਆ ਡਿਊਟੀਆਂ ਨਿਭਾਉਣ ਲਈ ਧੰਨਵਾਦ। ਇਸ ਤੋਂ ਇਲਾਵਾ ਕੁਲਜੀਤ ਸਿੰਘ ਦੀਵਾਨਾ ਨੇ ਕਿਹਾ ਕਿ ਚਿਲਡਰਨ ਡੇ ਸਾਡੇ ਸਕੂਲ ਵਿੱਚ ਅੱਜ ਧੂਮਧਾਮ ਨਾਲ ਮਨਾਇਆ ਗਿਆ ਹੈ। ਬੱਚਿਆਂ ਨੇ ਖੂਬ ਮਨੋਰੰਜਨ ਕੀਤਾ , ਬੱਚੇ ਮਨੋਰੰਜਨ ਦੇ ਸਾਧਨਾਂ ਨੂੰ ਵੇਖ ਕੇ ਖ਼ੁਸ਼ ਹੋਏ, ਬੱਚਿਆਂ ਨੂੰ ਖੁਸ਼ ਵੇਖ ਕੇ ਸਾਨੂੰ ਵੀ ਬਹੁਤ ਚੰਗਾ ਲੱਗ ਰਿਹਾ ਹੈ। ਬਾਲ ਦਿਵਸ ਪੰਡਤ ਜਵਾਹਰ ਲਾਲ ਨਹਿਰੂ ਜੀ ਨਾਲ ਰਿਲੇਟਿਡ ਹੈ।ਪੰਡਤ ਜਵਾਹਰ ਲਾਲ ਨਹਿਰੂ ਜੀ ਬੱਚਿਆਂ ਨੂੰ ਬੇਹੱਦ ਪਿਆਰ ਕਰਦੇ ਸਨ। ਇਸ ਲਈ 14 ਨਵੰਬਰ ਦਾ ਦਿਨ ਖਾਸ ਕਰਕੇ ਬੱਚਿਆਂ ਲਈ ਸੈਲੀਬ੍ਰਿਟ ਕੀਤਾ ਜਾਂਦਾ ਹੈ। ਇਸ ਮੌਕੇ ਸਕੂਲ ਮੈਨਜਮੈਂਟ ਤੋਂ ਸਵਰਨ ਸਿੰਘ ਦੀਵਾਨਾ ਅਤੇ ਪ੍ਰੀਤਮ ਸਿੰਘ ਦੀਵਾਨਾ ਨੇ ਸਕੂਲ ਸਟਾਫ਼ ਦਾ ਪ੍ਰੋਗਰਾਮ ਨੂੰ ਵਧੀਆ ਢੰਗ ਨਾਲ ਨੇਪਰੇ ਚਾੜ੍ਹਨ ਲਈ ਧੰਨਵਾਦ ਕੀਤਾ, ਅੰਤ ਵਿੱਚ ਮਿੱਠੀਆਂ ਯਾਦਾਂ ਛੱਡਦਾ ਹੋਇਆ ਬਾਲ ਦਿਵਸ ਪ੍ਰੋਗਰਾਮ ਯਾਦਗਾਰੀ ਹੋ ਨਿੱਬੜਿਆ। ਇਸ ਮੌਕੇ ਪ੍ਰਿੰਸੀਪਲ ਮੱਖਣ ਸਿੰਘ ਦੀਵਾਨਾ, ਕੁਲਜੀਤ ਸਿੰਘ ਦੀਵਾਨਾ, ਸਕੂਲ ਮੈਨੇਜਮੈਟ ਵਿੱਚ ਸਵਰਨ ਸਿੰਘ ਦੀਵਾਨਾ, ਪ੍ਰੀਤਮ ਸਿੰਘ ਦੀਵਾਨਾ ਵੀ ਹਾਜਰ ਰਹੇ, ਸਕੂਲ ਸਟਾਫ ਵਿੱਚ ਮੈਡਮ ਗੁਰਪ੍ਰੀਤ ਕੌਰ, ਆਸ਼ੂ ਵਰਮਾ ਰਮਨਜੀਤ ਕੌਰ, ਅਮਨਦੀਪ ਕੌਰ, ਸੁਖਮੀਤ ਕੌਰ, ਪਵਨਜੀਤ ਕੌਰ, ਪ੍ਰਦੀਪ ਕੌਰ, ਮਨਦੀਪ ਕੌਰ, ਅਮਨਜੋਤ ਕੌਰ, ਲਛਮਣੀ, ਅਮਨਦੀਪ ਕੋਰ ਗਹਿਲ, ਕਮਲਜੀਤ ਕੌਰ, ਰਜਨੀਸ ਕੋਰ ਮਨਦੀਪ ਕੋਰ ਅਮਨਦੀਪ ਕੋਰ ,ਸੁਖਪ੍ਰੀਤ ਕੋਰ ਲਵਪ੍ਰੀਤ ਕੌਰ ਸਮੇਤ ਸਕੂਲ ਦੇ ਬੱਚੇ ਹਾਜ਼ਿਰ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

ਸਕੂਲ ਦੇ ਬੱਚਿਆਂ ਦੇ ਮਨੋਰੰਜਨ ਲਈ ਸਕੂਲ ਵਿੱਚ ਲਗਾਇਆ ਮੇਲਾ

ਏ.ਐਸ.ਆਈ ਇਕਬਾਲ ਸਿੰਘ ਭੁੱਲਰ ਦੀ ਨਮਿਤ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 18 ਨਵੰਬਰ ਨੂੰ



ਫ਼ਿਰੋਜ਼ਪੁਰ, 15 ਨਵੰਬਰ (ਮਨੋਹਰ ਲਾਲ) :— ਏ.ਐਸ.ਆਈ ਇਕਬਾਲ ਸਿੰਘ ਭੁੱਲਰ ਪੁੱਤਰ ਲੇਟ ਮੋਹਨ ਸਿੰਘ ਭੁੱਲਰ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 18 ਨਵੰਬਰ ਨੂੰ ਚੁੰਗੀ ਨੰਬਰ 8 ਫਰੀਦਕੋਟ ਰੋਡ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਪਾਇਆ ਜਾਵੇਗਾ। ਏ.ਐਸ.ਆਈ ਸਰਦਾਰ ਇਕਬਾਲ ਸਿੰਘ ਭੁੱਲਰ ਆਪਣੀ ਜਿੰਦਗੀ ਦੀਆਂ 53 ਕੁ ਬਹਾਰਾਂ ਵੇਖ ਕੇ ਇਸ ਫਾਨੀ ਸੰਸਾਰ ਨੂੰ ਸਦਾ—ਸਦਾ ਲਈ ਅਲਵਿਦਾ ਕਹਿ ਗਏ, ਪਿਛੇ ਧਰਮਪਤਨੀ ਦਲਜੀਤ ਕੌਰ ਅਤੇ ਬੱਚਿਆਂ ਨੂੰ ਭੈਣ ਸਰਦਾਰਨੀ ਮਨਿੰਦਰਜੀਤ ਕੌਰ ਨੂੰ ਰੋਂਦਾ ਕੁਰਲਾਉਂਦਾ ਵਾਹਿਗੁਰੂ ਆਸਰੇ ਛੱਡ ਗਏ। ਇਥੇ ਇਹ ਦਸਣਯੋਗ ਹੈ ਕਿ ਏ.ਐਸ.ਆਈ ਸਰਦਾਰ ਇਕਬਾਲ ਸਿੰਘ ਭੁੱਲਰ ਜਿਹੜੇ ਕਿ ਹਾਕੀ ਦੇ ਖਿਡਾਰੀ ਸਨ ਅਤੇ ਉਨ੍ਹਾਂ ਆਪਣਾ ਨਾਮ ਦੇਸ਼—ਵਿਦੇਸ਼ ਵਿਚ ਬਨਾਇਆ, ਇਸੇ ਕਰਕੇ ਸਰਦਾਰ ਇਕਬਾਲ ਸਿੰਘ ਭੁੱਲਰ ਨੂੰ 35 ਨੰਬਰ ਖਿਡਾਰੀ ਕਿਹਾ ਜਾਂਦਾ ਹੈ ਅਤੇ ਇਨ੍ਹਾਂ ਨੂੰ ਖੇਡ ਕੋਟੇ ਵਿਚ ਹੀ ਏ.ਐਸ.ਆਈ ਦੀ ਨੌਕਰੀ ਮਿਲੀ। ਇਨ੍ਹਾਂ ਦੇ ਪਿਤਾ ਸਰਦਾਰ ਸੋਹਨ ਸਿੰਘ ਵੀ ਖਿਡਾਰੀ ਸਨ ਅਤੇ ਇਨ੍ਹਾਂ ਦਾ ਇਕ ਭਰਾ ਜਸਬੀਰ ਸਿੰਘ ਜੱਸੀ ਜੋ ਕਿ ਪਹਿਲਾਂ ਹੀ ਅਕਾਲ ਚਲਾਣਾ ਕਰ ਗਏ ਸੀ। ਅਸੀਂ ਵਾਹਿਗੁਰੂ ਜੀ ਦੇ ਚਰਨਾਂ ਵਿਚ ਅਰਦਾਸ ਬੇਨਤੀ ਕਰਦੇ ਹਾਂ ਕਿ ਹੇ ਵਾਹਿਗੁਰੂ ਸੱਚੇ ਪਾਤਸ਼ਾਹ ਸਰਦਾਰ ਇਕਬਾਲ ਸਿੰਘ ਭੁੱਲਰ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਿਛੇ ਪਰਿਵਾਰ, ਰਿਸ਼ਤੇਦਾਰ, ਸਾਕ ਸਬੰਧੀਆਂ ਨੂੰ ਭਾਣਾ ਮੰਨਣ ਦਾ ਬੱਲ ਬਖਸ਼ਣ। ਏ.ਐਸ.ਆਈ ਸਰਦਾਰ ਇਕਬਾਲ ਸਿੰਘ ਭੁੱਲਰ ਦੀ ਅੰਤਿਮ ਅਰਦਾਸ ਅਤੇ ਪਾਠ ਦਾ ਭੋਗ 18 ਨਵੰਬਰ ਨੂੰ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਚੁੰਗੀ ਨੰਬਰ 8, ਫਰੀਦਕੋਟ ਰੋਡ ਵਿਖੇ ਪਾਇਆ ਜਾਵੇਗਾ। ਜਿਥੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ ਜਾਣਗੇ।

ਸਰਕਾਰਾਂ ਨੇ ਕਰ ਵਿਖਾਈ ਕਮਾਲ—ਪੀ.ਸੀ ਕੁਮਾਰ



ਫ਼ਿਰੋਜ਼ਪੁਰ, 15 ਨਵੰਬਰ (ਮਨੋਹਰ ਲਾਲ) :— ਸਰਕਾਰਾਂ ਨੇ ਕਰ ਵਿਖਾਈ ਕਮਾਲ। ਇਹ ਵਿਚਾਰ ਪੱਤਰਕਾਂ ਨਾਲ ਸਾਂਝੇ ਕਰਦੇ ਸਰਕਾਰੀ ਅਰਧ ਸਰਕਾਰੀ ਅਤੇ ਪ੍ਰਾਈਵੇਟ ਦਾਇਰਿਆਂ ਵਿਚ ਵਿਚਰਦੇ ਪੰਜਾਹ ਸਾਲਾਂ ਤੋਂ ਬੱਚਿਆਂ—ਅਧਿਆਪਕਾਂ, ਮਾਪਿਆਂ, ਬੁੱਧੀਜੀਵੀਆਂ ਤੇ ਆਮ ਜਨਤਾ ਵਿਚ ਧਾਰਮਿਕ ਸਮਾਜਿਕ ਰਾਜਨੀਤਕ ਤੇ ਸ਼ੌਕ ਸਭਾਵਾਂ ਵਿਚ ਹਜ਼ਾਰਾਂ—ਲੱਖਾਂ ਨਹੀਂ ਕਰੋੜਾਂ ਲੋਕਾਂ ਦੀ ਗਿਣਤੀ ਵਿਚ ਇਹ ਵਿਚਾਰ ਰੱਖਦੇ ਹੋਏ ਸਮੇਂ—ਸਮੇਂ ਦੀਆਂ ਆਇਆਂ ਸਰਕਾਰਾਂ ਜੋ ਸ਼ਹੀਦਾਂ ਜਿਹੜੇ ਆਪਣਾ ਆਪ ਹੀ ਨਹੀਂ ਬਲਕਿ ਪੂਰੇ ਸਰਬੰਸ ਕੁਰਬਾਨ 1947 ਦੇ ਘਲੂਕਾਰੇ 1984 ਦੇ ਦੰਗਿਆਂ ਵਿਚ ਹੱਦੋ ਵੱਧ ਜਾਨੀਮਾਲੀ ਨੁਕਸਾਨ ਸਰ ਅੱਜ ਉਹ ਉਨ੍ਹਾਂ ਸ਼ਹੀਦਾਂ ਤੇ ਸ਼ਹੀਦਾਂ ਦੇ ਸੁਪਨੇ ਦਾ ਭਾਰਤ ਬਨਾਉਣ ਵਿਚ ਨਾ ਕੇਵਲ ਨੇਸ ਫੇਮ ਜਾਤੀ ਹਿੱਤਾਂ ਤੋਂ ਉਪਰ ਉਠ ਕੰਮ ਕਰ ਹੋ ਰਹੀ ਹਨੇਰ ਗਰਦੀ ਇਨ੍ਹਾਂ ਸਟੇਟ ਤੇ ਭਾਰਤ ਪੱਧਰ ਤੇ ਹਨੇਰ ਗਰਦੀ ਨੂੰ 2012 ਵਿਚ ਸਟੇਟਮ ਵਾਰਡ ਤੇ ਮਗਰੋਂ 2013 ਤੋਂ ਰਾਸ਼ਟਰੀਆ ਵਾਰਤਾ ਕਹਿੰਦੇ ਨੇ ਬਾਹਰਾਂ ਵਰਿਆ ਮਗਰੋਂ ਰੂੜੀ ਦੀ ਵੀ ਸੁਨੀ ਜਾਂਦੀ ਹੈ, ਪਰ ਇਨ੍ਹਾਂ ਸਰਕਾਰਾਂ ਨੇ ਉਹ ਕਹਾਵਤ ਝੂਠੀ ਕਰ ਵਿਖਾਈ ਕੋਈ ਅਪੀਲ ਦਲੀਲ ਵਕੀਲ ਦੀ ਵੀ ਨਹੀਂ ਸੁਣੀ।

ਆਵਾਜ਼ਿ ਕੌਮ AWAZE QAUM International Newspaper & WEB TV

ਹਰ ਫਰੰਟ ਉੱਤੇ ਫੇਲ੍ਹ ਸਾਬਿਤ ਹੋਈ ਮਾਨ ਸਰਕਾਰ ਨੂੰ ''ਲਾਰਿਆਂ ਵਾਲੀ ਸਰਕਾਰ'' ਵਜੋਂ ਯਾਦ ਕੀਤਾ ਜਾਵੇਗਾ

ਕਪੂਰਥਲਾ,15 ਨਵੰਬਰ (ਆਵਾਜ਼ਿ ਕੌਮ ਬਿਊਰੋ)-ਇੰਡੀਅਨ ਓਵਰਸੀਜ਼ ਕਾਂਗਰਸ ਯੂ ਕੇ ਦੇ ਸੀਨੀਅਰ ਮੀਤ ਪ੍ਰਧਾਨ ਅਤੇ ਮਨੁੱਖੀ ਅਧਿਕਾਰ ਕੌਂਸਲ ਇੰਡੀਆ ਦੇ ਕੌਮੀ ਮੀਤ ਪ੍ਰਧਾਨ (ਐਨ ਆਰ ਆਈ ਸੈਲ) ਇੰਡੀਆ ਅਤੇ ਹਲਕਾ ਸੁਲਤਾਨਪੁਰ ਲੋਧੀ ਤੋਂ ਕਾਂਗਰਸ ਪਾਰਟੀ ਦੇ ਸੇਵਾਦਾਰ ਬਲਜਿੰਦਰ ਜੈਨਪੁਰੀਆ ਨੇ ਆਮ ਆਦਮੀ ਪਾਰਟੀ ਦੀ ਮਾਨ ਸਰਕਾਰ ਉਤੇ ਨਿਸ਼ਾਨਾ ਵਿੰਨ੍ਹਦਿਆਂ ਹੋਇਆਂ ਆਖਿਆ ਕਿ, ਵਿਧਾਨ ਸਭਾ ਚੋਣਾਂ - 2022 ਦੌਰਾਨ ਕਿਸਾਨਾਂ, ਮਜ਼ਦੂਰਾਂ, ਮੁਲਾਜਮਾਂ, ਪੜ੍ਹੇ - ਲਿਖੇ ਬੇਰੋਜ਼ਗਾਰ (ਮੁੰਡੇ - ਕੁੜੀਆਂ) ਅਤੇ ਆਮ ਲੋਕਾਂ ਨਾਲ਼ ਕੀਤੇ ਵੱਡੇ ਵੱਡੇ ਵਾਅਦੇ ਕਰਨ ਵਾਲ਼ੀ ਆਮ ਆਦਮੀ ਪਾਰਟੀ ਦੀ ਹਰ ਫਰੰਟ ਉੱਤੇ ਫੇਲ੍ਹ ਸਾਬਿਤ ਹੋਈ ਮਾਨ ਸਰਕਾਰ ਨੂੰ "ਲਾਰਿਆਂ ਵਾਲ਼ੀ ਸਰਕਾਰ " ਵਜੋਂ ਯਾਦ ਕੀਤਾ ਜਾਵੇਗਾ। ਓਹਨਾਂ ਆਖਿਆ ਕਿ ਪੰਜਾਬ ਦੇ ਹਰ ਵਰਗ ਦੇ ਲੋਕ ਆਪਣੀਆਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ ਕਰ ਰਹੇ ਹਨ ਅਤੇ ਪ੍ਰਦਰਸ਼ਨਕਾਰੀਆਂ ਦੀਆਂ ਜਾਇਜ਼ ਮੰਗਾਂ ਮੰਨਣ ਦੀ ਥਾਂ ਮਾਨ ਸਰਕਾਰ, ਪ੍ਰਦਰਸ਼ਨਕਾਰੀਆਂ ਦੀਆਂ ਜਾਇਜ਼ ਮੰਗਾਂ ਮੰਨਣ ਦੀ ਥਾਂ ਓਹਨਾਂ ਨੂੰ ਪੁਲਿਸ ਕੋਲ਼ੋਂ ਡਾਂਗਾਂ ਨਾਲ ਕੁਟਵਾ ਰਹੀ ਹੈ, ਗੰਦੇ ਪਾਣੀ ਦੀਆਂ ਬੁਛਾੜਾਂ ਨਾਲ਼ ਪ੍ਰਦਰਸ਼ਨਕਾਰੀ ਸਰਦਾਰਾਂ ਦੀਆਂ ਪੱਗਾਂ ਅਤੇ ਮਹਿਲਾਵਾਂ ਦੀਆਂ ਚੁੰਨੀਆਂ ਹਵਾ ਵਿੱਚ ਉਛਾਲ ਕੇ ਓਹਨਾਂ ਨੂੰ ਜ਼ਲੀਲ ਕੀਤਾ ਜਾ ਰਿਹਾ ਹੈ। ਓਹਨਾਂ ਆਖਿਆ ਕਿ ਜਾਇਜ ਮੰਗਾਂ ਮਨਵਾਉਣ ਲਈ ਪ੍ਰਦਰਸ਼ਨਕਾਰੀ ਲੜੀਵਾਰ ਧਰਨੇ ਲਗਾ ਕੇ ਬੈਠੇ ਹਨ, ਜਿਨ੍ਹਾਂ ਦੀ ਗੱਲ ਵੀ ਨਹੀਂ ਸੁਣੀ ਜਾ ਰਹੀ। ਬਲਜਿੰਦਰ ਜੈਨਪੁਰੀਆ ਨੇ ਆਖਿਆ ਕਿ ਗੈਂਗਸਟਰਵਾਦ ਦੀਆਂ ਅਣਸਖਾਵੀਆਂ ਘਟਨਾਵਾਂ ਵਿੱਚ ਰੋਜ਼ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ, ਮਾਨ ਸਰਕਾਰ ਦੀ ਨਾਕਾਮੀ ਕਾਰਨ ਪੰਜਾਬ ਨਸ਼ਿਆਂ ਦੀ ਦਲਦਲ ਵਿੱਚ ਪੂਰੀ ਤਰ੍ਹਾਂ ਧਸ ਚੁੱਕਾ ਹੈ , ਕਿਸਾਨ, ਮਜ਼ਦੂਰ ਮੁਲਾਜ਼ਮ ਪੈਨਸ਼ਨਰ ਅਤੇ ਬੇਰੋਜ਼ਗਾਰ (ਮੁੰਡੇ- ਕੁੜੀਆਂ ਰੋਜ਼ਗਾਰ ਨਾ ਮਿਲਣ ਕਰਕੇ) ਬੇਹੱਦ ਨਿਰਾਸ਼ ਅਤੇ ਪਰੇਸ਼ਾਨ ਹਨ ਕਿਉਂਕਿ ਮਾਨ ਸਰਕਾਰ ਉਹਨਾਂ ਦੀਆਂ ਮੰਗਾਂ ਨੂੰ ਕੋਈ ਤਵੱਜੋ ਨਹੀਂ ਦੇ ਰਹੀ। ਪੰਜਾਬ ਵਿੱਚ "ਲਾਅ ਐਂਡ ਆਰਡਰ" ਦੀ ਸਥਿਤੀ ਪੂਰੀ ਤਰ੍ਹਾਂ ਬੇਕਾਬੂ ਹੋਈ ਪਈ ਹੈ। ਦਫ਼ਤਰਾਂ ਵਿੱਚ ਰਿਸ਼ਵਤਖੋਰੀ ਅਤੇ ਭ੍ਰਿਸ਼ਟਾਚਾਰ ਦੀ ਪੂਰੀ ਤਰ੍ਹਾਂ ਤੂਤੀ ਬੋਲ ਰਹੀ ਹੈ ਜਿਸ ਨੂੰ ਉੱਤੇ ਮਾਨ ਸਰਕਾਰ ਕਾਬੂ ਪਾਉਣ ਵਿੱਚ ਅਸਫ਼ਲ ਰਹੀ ਹੈ, ਕਿਉਂਕਿ ਪੰਜਾਬ ਦੀ ਸਰਕਾਰ ਨੂੰ ਪੰਜਾਬ ਦੀ ਥਾਂ ਦਿੱਲੀ ਬੈਠੇ " ਆਪ "ਨੇਤਾ ਚਲਾ ਰਹੇ ਹਨ, ਜਿਸ ਕਾਰਨ ਪੰਜਾਬ ਵਿੱਚ ਸਰਕਾਰ ਨਾਂ ਦੀ ਕੋਈ ਚੀਜ਼ ਦਿਸ ਨਹੀਂ ਰਹੀ।

ਐਡਮੰਟਨ 'ਚ 23ਵੀਂ

ਮਾਝਾ ਪਾਰਟੀ ਦੀ ਲੱਗੀ ਰੌਲਕ, 400 ਤੋਂ ਵੱਧ ਲੋਕਾਂ ਨੇ ਕੀਤੀ ਸ਼ਿਰਕਤ

ਫੁੱਟਬਾਲ ਖਿਡਾਰਨ ਅਨੂਪ ਕੌਰ ਜੋਸਨ ਅਤੇ ਸਿੱਖਿਆ ਤੇ ਸਮਾਜ ਸ਼ਾਸਤਰ ਦੇ ਖੇਤਰ ਨਾਲ ਜੁੜੇ ਡਾ. ਗੁਰਬਚਨ ਸਿੰਘ ਪੌਲ ਦਾ ਵਿਸ਼ੇਸ਼ ਸਨਮਾਨ











(ਹੋਰ ਤਸਵੀਰਾਂ ਅਗਲੇ ਪੰਨਿਆਂ 'ਤੇ)

ਐਡਮੰਟਨ (ਕੈਨੇਡਾ), 14 ਨਵੰਬਰ (ਦੀਪਾ ਬੰਡਾਲਾ,ਬਲਵਿੰਦਰ ਬਾਲਮ) — ਮਾਝਾ ਪੀਪਲਜ਼ ਐਸੋਸੀਏਸ਼ਨ ਆਫ਼ ਅਲਬਰਟਾ ਵੱਲੋਂ ਸ਼ੁੱਕਰਵਾਰ, 13 ਨਵੰਬਰ ਦੀ ਸ਼ਾਮ ਐਡਮੰਟਨ ਦੇ 'ਦ ਰਾਇਲ ਪੈਲੇਸ' ਵਿਖੇ 23ਵੀਂ ਮਾਝਾ ਪਾਰਟੀ ਕਰਵਾਈ ਗਈ। 'ਮਾਝਾ ਪੀਪਲਜ਼ ਰੀਂਟ ਟੂਗੈਦਰ' ਨਾਂ ਹੇਠ ਹੋਏ ਇਸ ਸਾਲਾਨਾ ਸਮਾਗਮ ਵਿੱਚ ਪਰਿਵਾਰਾਂ ਸਮੇਤ 400 ਤੋਂ ਵੱਧ ਲੋਕਾਂ ਨੇ ਸ਼ਿਰਕਤ ਕੀਤੀ। ਮਾਝਾ ਪਾਰਟੀ ਦੀ ਸ਼ੁਰੂਆਤ ਨੂੰ 25 ਸਾਲ ਹੋ ਗਏ ਹਨ। ਇਸ ਸਮਾਗਮ ਦਾ ਮੁੱਖ ਉਦੇਸ਼ ਮਾਝੇ ਦੇ ਵੱਖ-ਵੱਖ ਪਿੰਡਾਂ ਅਤੇ ਸ਼ਹਿਰਾਂ ਤੋਂ ਆ ਕੇ ਇੱਥੇ ਵੱਸੇ ਲੋਕਾਂ ਨੂੰ ਇਕੱਠੇ ਹੋਣ ਅਤੇ ਇੱਕ-ਦੂਜੇ ਨਾਲ ਜਾਣ-ਪਛਾਣ ਕਰਨ ਦਾ ਮੌਕਾ ਦੇਣਾ ਹੈ। ਸਮਾਗਮ ਦੇ ਪ੍ਰਬੰਧਾਂ ਵਿੱਚ ਐਸੋਸੀਏਸ਼ਨ ਦੇ ਪ੍ਰਧਾਨ ਮਿੰਟੂ ਕਾਹਲੋਂ, ਮੀਤ ਪ੍ਰਧਾਨ ਹਰਜੀਤ ਸੰਧੂ ਅਤੇ ਖ਼ਜ਼ਾਨਚੀ ਜਸਵੀਰ ਸਿੰਘ ਗਿੱਲ ਨੇ ਮੁੱਖ ਭੂਮਿਕਾ ਨਿਭਾਈ। ਸਮਾਗਮ ਦਾ ਮੰਚ ਸੰਚਾਲਨ ਹਰਜੀਤ ਸੰਧੂ ਨੇ ਬਾਖੂਬੀ ਨਿਭਾਇਆ। ਇਸ ਮੌਕੇ ਸੰਸਦ ਮੈਂਬਰ ਜਗਸ਼ਰਨ ਸਿੰਘ ਮਾਹਲ, ਵਿਧਾਇਕ ਜਸਵੀਰ ਦਿਓਲ, ਗੁਰਤੇਜ ਸਿੰਘ ਬਰਾੜ ਅਤੇ ਫੋਰਟ ਸਸਕੈਚਵਨ ਦੇ ਕੌਂਸਲਰ ਅਰਜਨ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਐਸੋਸੀਏਸ਼ਨ ਵੱਲੋਂ ਫੁੱਟਬਾਲ ਖਿਡਾਰਨ ਅਨੂਪ ਕੌਰ ਜੋਸਨ ਨੂੰ ਖੇਡ ਵਿੱਚ ਉਨ੍ਹਾਂ ਦੀਆਂ ਪ੍ਰਾਪਤੀਆਂ ਅਤੇ ਭਾਈਚਾਰੇ ਦੀ ਸੇਵਾ ਲਈ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਸਨਮਾਨ ਪੱਤਰ ਮੁਤਾਬਕ, ਜੋਸਨ ਨੇ 2008 ਵਿੱਚ ਚਿੱਲੀ ਵਿਖੇ ਹੋਏ ਫੀਫਾ ਅੰਡਰ-20 ਮਹਿਲਾ ਵਿਸ਼ਵ ਕੱਪ ਵਿੱਚ ਕੈਨੇਡਾ ਦੀ ਨੁਮਾਇੰਦਗੀ ਕੀਤੀ। ਉਹ ਕੈਨੇਡਾ ਵੱਲੋਂ ਮੈਚ ਦੀ ਸ਼ੁਰੂਆਤ ਕਰਨ ਵਾਲੀਆਂ 11 ਖਿਡਾਰਨਾਂ ਵਿੱਚ ਸ਼ਾਮਲ ਸਨ ਅਤੇ ਮਿਡਫੀਲਡਰ ਵਜੋਂ ਖੇਡੇ। ਸਿੱਖਿਆ ਅਤੇ ਸਮਾਜ ਸ਼ਾਸਤਰ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਡਾ. ਗੁਰਬਚਨ ਸਿੰਘ ਪੌਲ ਨੂੰ ਵੀ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਉਨ੍ਹਾਂ ਨੇ 1965 ਵਿੱਚ ਕੈਨਮੋਰ, ਅਲਬਰਟਾ ਦੇ ਇੱਕ ਹਾਈ ਸਕੂਲ ਤੋਂ ਆਪਣਾ ਅਧਿਆਪਨ ਸਫ਼ਰ ਸ਼ੁਰੂ ਕੀਤਾ ਅਤੇ 1969 ਤੋਂ 1980 ਤੱਕ ਯੂਨੀਵਰਸਿਟੀ ਆਫ਼ ਅਲਬਰਟਾ ਵਿੱਚ ਸਮਾਜ ਸ਼ਾਸਤਰ ਪੜ੍ਹਾਇਆ। ਸਨਮਾਨ ਪੱਤਰ ਵਿੱਚ ਮਾਝੇ ਨਾਲ ਸਬੰਧਤ ਡਾ. ਪੌਲ ਵੱਲੋਂ ਭਾਰਤੀ ਮੂਲ ਦੇ ਅਧਿਆਪਕਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਰਾਹ ਪੱਧਰਾ ਕਰਨ ਵਿੱਚ ਪਾਏ ਯੋਗਦਾਨ ਦਾ ਵੀ ਜ਼ਿਕਰ ਕੀਤਾ ਗਿਆ। ਸੱਭਿਆਚਾਰਕ ਪ੍ਰੋਗਰਾਮ ਵਿੱਚ ਪੰਜਾਬੀ ਹੈਰੀਟੇਜ ਫਾਊਂਡੇਸ਼ਨ, ਡਿਵਾਈਨ ਭੰਗੜਾ ਅਤੇ ਰਿਦਮ ਪੰਜਾਬ ਢੋਕ ਆਰਟ ਅਕੈਡਮੀ ਵੱਲੋਂ ਬੱਚਿਆਂ ਦੀਆਂ ਟੀਮਾਂ ਨੇ ਭੰਗੜਾ, ਗਿੱਧਾ ਅਤੇ ਪੰਜਾਬੀ ਸੱਭਿਆਚਾਰ ਦੀਆਂ ਹੋਰ ਵੰਨਗੀਆਂ ਪੇਸ਼ ਕੀਤੀਆਂ। ਮਸ਼ਹੂਰ ਪੰਜਾਬੀ ਗਾਇਕ ਪ੍ਰਭ ਊਭੀ ਨੇ ਢੋਲ ਦੀ ਥਾਪ 'ਤੇ ਬੋਲੀਆਂ ਪਾਈਆਂ ਅਤੇ ਬੱਚਿਆਂ ਨੇ ਉਨ੍ਹਾਂ ਦੀਆਂ ਬੋਲੀਆਂ 'ਤੇ ਭੰਗੜਾ ਪਾਇਆ। ਦਰਸ਼ਕਾਂ ਲਈ ਇੱਕ ਇਨਾਮੀ ਡਰਾਅ ਵੀ ਕੱਢਿਆ ਗਿਆ। ਬੱਚਿਆਂ ਕੋਲੋਂ ਚਾਰ ਪਰਚੀਆਂ ਕਢਵਾਈਆਂ ਗਈਆਂ ਅਤੇ ਚਾਰ ਜੇਤੂਆਂ ਨੂੰ ਤੋਹਫ਼ਿਆਂ ਦੇ ਹੈਂਪਰ ਦਿੱਤੇ ਗਏ। ਸਮਾਗਮ ਲਈ ਬਾਲਗਾਂ ਦੀ ਟਿਕਟ 35 ਡਾਲਰ ਸੀ ਅਤੇ 10 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਦਾਖ਼ਲਾ ਮੁਫ਼ਤ ਸੀ। ਮੰਚ ਦੀਆਂ ਪੇਸ਼ਕਾਰੀਆਂ ਮੁਕਣ ਮਗਰੋਂ ਡਾਂਸ ਫਲੋਰ 'ਤੇ ਵੀ ਰੌਣਕ ਬਣੀ ਰਹੀ। ਔਰਤਾਂ ਨੇ ਗਿੱਧਾ ਪਾਇਆ ਅਤੇ ਅਖ਼ੀਰ ਵਿੱਚ ਬੱਚਿਆਂ ਤੋਂ ਲੈ ਕੇ ਵੱਡਿਆਂ ਤੱਕ, ਹਾਜ਼ਰ ਲੋਕਾਂ ਨੇ ਡੀਜੇ ਦੀਆਂ ਧੁਨਾਂ 'ਤੇ ਨੱਚ ਕੇ ਸਮਾਗਮ ਦਾ ਆਨੰਦ ਮਾਣਿਆ। ਬੱਚਿਆਂ ਦੀਆਂ ਪੇਸ਼ਕਾਰੀਆਂ ਅਤੇ ਪਰਿਵਾਰਾਂ ਦੀ ਸ਼ਮੂਲੀਅਤ ਨੇ ਵੱਖ-ਵੱਖ ਪੀੜ੍ਹੀਆਂ ਨੂੰ ਇਕੱਠਿਆਂ ਪੰਜਾਬੀ ਲੋਕ-ਨਾਚ ਦਾ ਆਨੰਦ ਲੈਣ ਦਾ ਮੌਕਾ ਦਿੱਤਾ। ਇਸ ਮੌਕੇ ਲਾਟ ਭਿੰਡਰ, ਮਨਜੀਤ ਸਿੰਘ ਫੇਰੂਮਾਨ, ਬਲਰਾਜ ਸੰਧੂ, ਸੁਖਰਾਜ ਰਾਏ, ਫਿਜ਼ੀਸ਼ੀਅਨ ਡਾ. ਹਰਿੰਦਰ ਪਾਲ ਸਿੰਘ, ਤੇਜਿੰਦਰਪਾਲ ਸਿੰਘ ਰਿਆੜ, ਰਸ਼ਪਾਲ ਖਹਿਰਾ, ਹਰਪਿੰਦਰ ਸੰਧੂ, ਅਮਰੀਕ ਹਾਂਜਰਾ, ਸੁਖਰਮਨ ਸਿੰਘ ਅਤੇ ਫ਼ਰਿਆਦ ਪੰਨੂ ਸਮੇਤ ਕਈ ਪਤਵੰਤੇ ਸੱਜਣਾਂ ਨੇ ਵੀ ਸਮਾਗਮ ਵਿੱਚ ਸ਼ਿਰਕਤ ਕੀਤੀ। ਸਮਾਗਮ ਦੇ ਪ੍ਰਬੰਧਾਂ ਵਿੱਚ ਸਪਾਂਸਰਾਂ ਨੇ ਵੀ ਆਪਣਾ ਪੂਰਾ ਸਹਿਯੋਗ ਦਿੱਤਾ। ਐਸੋਸੀਏਸ਼ਨ ਵੱਲੋਂ ਇਸ ਸਹਿਯੋਗ ਲਈ ਸਾਰੇ ਸਪਾਂਸਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਮਾਝੇ ਦੇ ਵੱਖ-ਵੱਖ ਪਿੰਡਾਂ ਤੇ ਸ਼ਹਿਰਾਂ ਤੋਂ ਆ ਕੇ ਐਡਮੰਟਨ ਵੱਸੇ ਪਰਿਵਾਰਾਂ ਲਈ ਇਹ ਸ਼ਾਮ ਪੁਰਾਣੀਆਂ ਸਾਂਝਾਂ ਤਾਜ਼ਾ ਕਰਨ ਅਤੇ ਨਵੀਆਂ ਸਾਂਝਾਂ ਪਾਉਣ ਦਾ ਯਾਦਗਾਰੀ ਮੌਕਾ ਬਣੀ। ••

ਆਵਾਜ਼ਿ ਕੌਮ AWAZE QAUM International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ

ਆਵਾਜ਼ਿ ਕੌਮ

ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :

+447458381111 +447976210161 +919729091243

ਐਡਮੰਟਨ 'ਚ 23ਵੀਂ

ਮਾਝਾ ਪਾਰਟੀ ਦੀ ਲੱਗੀ ਰੌਣਕ, 400 ਤੋਂ ਵੱਧ ਲੋਕਾਂ ਨੇ ਕੀਤੀ ਸ਼ਿਰਕਤ

ਫੁੱਟਬਾਲ ਖਿਡਾਰਨ ਅਨੂਪ ਕੌਰ ਜੋਸਨ ਅਤੇ ਸਿੱਖਿਆ ਤੇ ਸਮਾਜ ਸ਼ਾਸਤਰ ਦੇ ਖੇਤਰ ਨਾਲ ਜੁੜੇ ਡਾ. ਗੁਰਬਚਨ ਸਿੰਘ ਪੌਲ ਦਾ ਵਿਸ਼ੇਸ਼ ਸਨਮਾਨ











ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243
AWAZE QAUM International Newspaper & WEB TV

ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਗੁਰਦੁਆਰਾ ਨਾਨਕਸਰ ਸਾਹਿਬ ਵਿਖੇ

ਸ੍ਰੀ ਆਖੰਡ ਪਾਠ ਸਾਹਿਬ ਜੀ ਦੀ ਪਹਿਲੀ ਲੜੀ ਹੋਈ ਆਰੰਭ



ਜੰਡਿਆਲਾ ਗੁਰੂ 15 ਨਵੰਬਰ (ਕੁਲਵੰਤ ਸਿੰਘ ਵਿਰਦੀ) ਅੱਜ ਗੁਰਦੁਆਰਾ ਨਾਨਕਸਰ ਸਾਹਿਬ ਨਾਨਕਸਰ ਨਗਰ ਜੰਡਿਆਲਾ ਗੁਰੂ ਵਿਖੇ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪਾਵਨ ਅਵਤਾਰ ਦਿਹਾੜੇ ਨੂੰ ਸਮਰਪਿਤ ਦਸਵੇਂ ਮਹਾਨ ਗੁਰਮਤਿ ਸਮਾਗਮ ਦੀ ਹੋਈ ਆਰੰਭਤਾ ਇਸ ਸਮਾਗਮ ਸੰਬੰਧੀ ਵਧੇਰੇ ਜਾਣਕਾਰੀ ਸਾਂਝੀ ਕਰਦਿਆ ਹੋਇਆ ਗੁਰਦੁਆਰਾ ਨਾਨਕਸਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਬਿਬੇਕ ਸਿੰਘ ਜੀ ਨੇ ਦੱਸਿਆ ਕਿ ਦੇਸ ਵਿਦੇਸ ਦੀਆਂ ਸੰਗਤਾਂ ਅਤੇ ਇਲਾਕਾ ਨਿਵਾਸੀ ਸਮੂਹ ਸੰਗਤਾਂ ਦੇ ਸਹਿਯੋਗ ਸਦਕਾ ਅੱਜ ਅਵਤਾਰ ਪੁਰਬ ਨੂੰ ਸਮਰਪਿਤ ਪਹਿਲੀ ਲੜੀ ਤਿੰਨ ਸ੍ਰੀ ਆਖੰਡ ਪਾਠ ਸਾਹਿਬ ਜੀ, ਸ੍ਰੀ ਜਪੁਜੀ ਸਾਹਿਬ, ਸ੍ਰੀ ਸੁਖਮਨੀ ਸਾਹਿਬ ਜੀ ਆਰੰਭ ਕੀਤੇ ਗਏ ਹਨ ਤਿੰਨਾ ਦੇ ਭੋਗ 17 ਨਵੰਬਰ ਨੂੰ ਪੈਣਗੇ ਅਤੇ ਉਪਰੰਤ 17 ਨਵੰਬਰ ਨੂੰ ਦੂਸਰੀ ਲੜੀ ਇਸੇ ਤਰ੍ਹਾਂ ਆਰੰਭ ਹੋਵੇਗੀ ਅਤੇ ਤਿੰਨਾ ਦੇ ਭੋਗ 19 ਨਵੰਬਰ ਦਿਨ ਵੀਰਵਾਰ ਨੂੰ ਪਾਏ ਜਾਣਗੇ ਅਤੇ 19 ਨਵੰਬਰ ਨੂੰ ਲੋੜਵੰਦ ਪ੍ਰੀਵਾਰ ਦੀਆਂ ਬੇਟੀਆਂ ਦੇ ਆਨੰਦ ਕਾਰਜ ਵੀ ਕਰਵਾਏ ਜਾਣਗੇ ਅਤੇ ਮਨੁੱਖਤਾ ਦੀ ਭਲਾਈ ਲਈ 19 ਨਵੰਬਰ ਨੂੰ ਅੱਖਾਂ ਦੰਦਾਂ ਦਾ ਚੈਕਅੱਪ ਕੈਂਪ ਲਗਾਇਆ ਜਾਵੇਗਾ ਅਤੇ ਅੱਖਾਂ ਦੇ ਆਪ੍ਰੇਸ਼ਨ ਫ੍ਰੀ ਕੀਤੇ ਜਾਣਗੇ ਇਸ ਕੈਂਪ ਵਿੱਚ ਸ੍ਰੀ ਅੰਮ੍ਰਿਤਸਰ ਸਾਹਿਬ ਜੀ ਤੋਂ ਡਾਕਟਰ ਸੰਕੀਨ ਸਿੰਘ ਜੀ ਪਹੁੰਚ ਰਹੇ ਹਨ ਇਲਾਕਾ ਨਿਵਾਸੀ ਸਮੂਹ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਗੁਰਮਤਿ ਸਮਾਗਮ ਵਿੱਚ ਹਾਜਰੀਆਂ ਭਰ ਕਿ ਅਤੇ ਕੈਂਪ ਵਿੱਚ ਆਪਣਾ ਚੈਕਅੱਪ ਕਰਵਾ ਕਿ ਲਾਹਾ ਪ੍ਰਾਪਤ ਕਰੋ ਵਧੇਰੇ ਜਾਣਕਾਰੀ ਲਈ 97232-00013 ਅਤੇ 97810-13856 ਸਪੰਰਕ ਕੀਤਾ ਜਾ ਸਕਦਾ ਹੈ ! ਅੱਗੇ ਬਾਬਾ ਬਿਬੇਕ ਸਿੰਘ ਜੀ ਨੇ ਕਿਹਾ ਕਿ 21 ਨਵੰਬਰ ਨੂੰ ਧੰਨ ਧੰਨ ਸ੍ਰੀ ਨਾਨਕ ਦੇਵ ਸਾਹਿਬ ਜੀ ਦੇ ਅਵਤਾਰ ਪੁਰਬ ਨੂੰ ਸਮਰਪਿਤ ਨਗਰ ਕੀਰਤਨ ਸਜਾਏ ਜਾਣਗੇ।

17 ਨੂੰ ਦੂਸਰੀ ਲੜੀ ਹੋਵੇਗੀ ਆਰੰਭ ਅਤੇ 19 ਨੂੰ ਭੋਗ ਤੋਂ ਉਪਰੰਤ ਲੋੜਵੰਦ ਬੇਟੀਆਂ ਦੇ ਆਨੰਦ ਕਾਰਜ ਅਤੇ ਅੱਖਾਂ ਦੰਦਾਂ ਦਾ ਚੈਕਅੱਪ ਕੈਂਪ ਲੱਗੇਗਾ-ਬਾਬਾ ਬਿਬੇਕ ਸਿੰਘ

ਸੇਂਟ ਸੋਲਜਰ ਸਕੂਲ ਦਾ ਸਾਲਾਨਾ ਸਮਾਰੋਹ

ਕਲਾ ਤੇ ਸਮਰਪਣ ਦਾ ਅਦਭੁੱਤ ਨਮੂਨਾ ਸੀ : ਮੇਜਰ ਜਰਨਲ ਬਰਿਟਸ ਆਰਮੀ ਜੋਹਨ ਕੈਂਡਲ



ਜੰਡਿਆਲਾ ਗੁਰੂ, 15 ਨਵੰਬਰ (ਕੁਲਵੰਤ ਸਿੰਘ ਵਿਰਦੀ)-ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਵਿਖੇ ਬੀਤੇ ਦਿਨ 13 ਨਵੰਬਰ 2026 ਨੂੰ ਸਾਲਾਨਾ ਸਮਾਰੋਹ ਬੜੇ ਉਤਸ਼ਾਹ, ਉਮੰਗ ਅਤੇ ਸ਼ਾਨੋ-ਸ਼ੌਕਤ ਨਾਲ ਮਨਾਇਆ ਗਿਆ। ਇਸ ਸਾਲ ਦੇ ਸਮਾਰੋਹ ਦਾ ਵਿਸ਼ਾ "ਇੱਕ ਰਾਸ਼ਟਰ, ਅਣਗਿਣਤ ਕਹਾਣੀਆਂ - ਭਾਰਤ ਦੀ ਅਮਰ ਗਾਥਾ" ਸੀ। ਇਸ ਸਮਾਗਮ ਰਾਹੀਂ ਭਾਰਤ ਦੀ ਅਮੀਰ ਸੱਭਿਆਚਾਰਕ ਵਿਰਾਸਤ, ਇਤਿਹਾਸਕ ਗੌਰਵ, ਅਧਿਆਤਮਿਕ ਪਰੰਪਰਾਵਾਂ ਅਤੇ ਰਾਸ਼ਟਰੀ ਏਕਤਾ ਦੀ ਭਾਵਨਾ ਨੂੰ ਬਹੁਤ ਹੀ ਸੁੰਦਰ ਢੰਗ ਨਾਲ ਪੇਸ਼ ਕੀਤਾ ਗਿਆ। ਸਮਾਗਮ ਦੀ ਸ਼ੁਰੂਆਤ ਬਾਬਾ ਪਰਮਾਨੰਦ ਜੀ ਮੁੱਖ ਸੇਵਾਦਾਰ ਗੁਰਦੁਆਰਾ ਗੁਰੂ ਬਾਬਾ ਹੰਦਾਲ ਜੀ ਦੇ ਆਸ਼ੀਰਵਾਦ ਨਾਲ ਹੋਈ ।ਇਸ ਮੌਕੇ ਵਿਸ਼ੇਸ਼ ਮਹਿਮਾਨਾਂ ਵਜੋਂ ਡਾ. ਗੁਰਿੰਦਰਪਾਲ ਸਿੰਘ ਜੋਸਨ, ਚੇਅਰਮੈਨ ਸਾਰਾਗੜ੍ਹੀ ਫਾਊਂਡੇਸ਼ਨ, ਮੇਜਰ ਜਨਰਲ ਜੌਨ ਕੈਂਡਲ, ਡਿਪਟੀ ਕਮਾਂਡਰ ਲੈਂਡ ਫੋਰਸਿਜ਼, ਬ੍ਰਿਟਿਸ਼ ਆਰਮੀ, ਲੈਫਟੀਨੈਂਟ ਕਰਨਲ ਐਲਿਸ ਆਰਚਰ, ਵਾਰੰਟ ਅਫਸਰ ਅਸ਼ੋਕ ਕੁਮਾਰ ਚੌਹਾਨ, ਕਾਰਪੋਰਲ ਅਨੂ ਪ੍ਰੀਤ ਸਿੰਘ ਅਤੇ ਸ੍ਰੀ ਹਰਬੀਰ ਸਿੰਘ ਬਿੰਦ ਅਤੇ ਵਿਦਿਆਰਥੀਆਂ ਦੇ ਮਾਤਾ ਪਿਤਾ ਨੇ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਡਾਇਰੈਕਟਰ /ਪ੍ਰਿੰਸੀਪਲ ਡਾ. ਅਮਨਦੀਪ ਕੌਰ ਸੇਟ ਸੋਲਜਰ ਇਲੀਟ ਕੈਮਬਰਿਜ ਸਕੂਲ ਅੰਮ੍ਰਿਤਸਰ, ਸ਼੍ਰੀਮਤੀ ਹਰਜਿੰਦਰ ਪਾਲ ਕੌਰ ਚੇਅਰਮੈਨ ਸੇਟ ਸੋਲਜਰ ਮਜੀਠਾ ,ਚੇਅਰਮੈਨ ਹਰਬੀਰ ਸਿੰਘ ਬਿੰਦ, ਸਵਿੰਦਰ ਸਿੰਘ ਚੰਦੀ, ਸਰਪੰਚ ਸਬੇਗ ਸਿੰਘ, ਮਾਸਟਰ ਮਨਜੀਤ ਸਿੰਘ,ਰਵਿੰਦਰ ਸਿੰਘ, ਦਿਲਬਾਗ ਸਿੰਘ ਛੱਜਲਵੱਡੀ, ਪੰਡਿਤ ਕਿਸ਼ਨ ਦਵੇਸਰ ਮੰਚ ਲੋਕ ਅੰਮ੍ਰਿਤਸਰ,ਕੌਂਸਲਰ ਸਰਬਜੀਤ ਸਿੰਘ ਡਿੰਪੀ, ਕੁਲਵਿੰਦਰ ਸਿੰਘ, ਅਵਤਾਰ ਸਿੰਘ ਕਾਲਾ ਐਮਸੀ,ਅਰਸ਼ਦੀਪ ਸਿੰਘ ਨਗਰ ਕੌਂਸਲ ਜੰਡਿਆਲਾ ਗੁਰੂ, ਪ੍ਰਿੰਸੀਪਲ ਸੰਦੀਪ ਸ਼ਰਮਾ,ਵਾਈਸ ਪ੍ਰਿੰਸੀਪਲ ਸ਼ਿਲਪਾ ਸ਼ਰਮਾ, ਕੋਆਰਡੀਨੇਟਰ ਨੀਲਾਕਸ਼ੀ ਗੁਪਤਾ ,ਪ੍ਰਿੰਸ ਗੁਲਸ਼ਨ ਜੈਨ, ਜਰਨੈਲ ਸਿੰਘ , ਦੀ ਮੌਜੂਦਗੀ ਨੇ ਸਮਾਗਮ ਨੂੰ ਹੋਰ ਵੀ ਮਾਣਮੱਤਾ ਬਣਾਇਆ ।ਸਮਾਰੋਹ ਦੌਰਾਨ ਵਿਦਿਆਰਥੀਆਂ ਵੱਲੋਂ ਪੇਸ਼ ਕੀਤੀਆਂ ਗਈਆਂ ਵੱਖ-ਵੱਖ ਸੱਭਿਆਚਾਰਕ, ਇਤਿਹਾਸਕ ਅਤੇ ਵਿਦਿਅਕ ਪੇਸ਼ਕਾਰੀਆਂ ਨੇ ਦਰਸ਼ਕਾਂ ਦਾ ਮਨ ਮੋਹ ਲਿਆ ।ਸਵਾਗਤੀ ਨਾਚ, ਸ਼ਬਦ ਗਾਇਨ, ਸਮੂਹਿਕ ਨਾਚ, ਰਾਮਾਇਣ 'ਤੇ ਆਧਾਰਿਤ ਨਾਟਕ,ਗਰੁੱਪ ਗੀਤ, ਸਾਰਾਗੜ੍ਹੀ ਦੀ ਇਤਿਹਾਸਕ ਲੜਾਈ 'ਤੇ ਨਾਟਕ, ਗਿੱਧਾ, ਭੰਗੜਾ ਅਤੇ ਗਤਕੇ ਦੀਆਂ ਪੇਸ਼ਕਾਰੀਆਂ ਵਿਸ਼ੇਸ਼ ਖਿੱਚ ਦਾ ਕੇਂਦਰ ਰਹੀਆਂ। ਇਸ ਤੋਂ ਇਲਾਵਾ ਸਕੇਟਿੰਗ, ਜਿਮਨਾਸਟਿਕਸ, ਸਮੂਹਿਕ ਗੀਤ ਅਤੇ ਸ਼ੈਕਸਪੀਅਰ ਦੇ ਨਾਟਕ ਦੀ ਪੇਸ਼ਕਾਰੀ ਨੇ ਵੀ ਦਰਸ਼ਕਾਂ ਦੀ ਖੂਬ ਵਾਹ-ਵਾਹ ਖੱਟੀ ।ਇਸ ਦੇ ਨਾਲ ਹੀ ਵਿਦਿਆਰਥੀਆਂ ਵੱਲੋਂ ਆਪਣੇ ਵਿਗਿਆਨਕ, ਤਕਨੀਕੀ ਅਤੇ ਰਚਨਾਤਮਕ ਹੁਨਰਾਂ ਦਾ ਪ੍ਰਦਰਸ਼ਨ ਕਰਦਿਆਂ ਵਿਦਿਅਕ ਪ੍ਰੋਜੈਕਟਾਂ, ਅਟਲ ਟਿੰਕਰਿਗ ਲੈਬ ਮਾਡਲਾਂ, ਵਿਸ਼ਾ-ਅਧਾਰਿਤ ਪ੍ਰਦਰਸ਼ਨੀਆਂ, ਆਰਟ ਐਂਡ ਕਰਾਫਟ ਅਤੇ 'ਕੌਸ਼ਲ ਬੋਧ' ਨਾਲ ਸਬੰਧਤ ਸ਼ਾਨਦਾਰ ਪ੍ਰਦਰਸ਼ਨੀਆਂ ਲਗਾਈਆਂ ਗਈਆਂ। ਇਨ੍ਹਾਂ ਪ੍ਰਦਰਸ਼ਨੀਆਂ ਨੇ ਵਿਦਿਆਰਥੀਆਂ ਦੀ ਕਲਪਨਾਸ਼ੀਲਤਾ, ਨਵੀਨਤਮ ਸੋਚ ਅਤੇ ਵਿਹਾਰਕ ਗਿਆਨ ਦਾ ਪ੍ਰਭਾਵਸ਼ਾਲੀ ਪ੍ਰਗਟਾਵਾ ਕੀਤਾ ।ਸਮਾਗਮ ਦੌਰਾਨ ਅਕਾਦਮਿਕ ਅਤੇ ਸੱਭਿਆਚਾਰਕ ਖੇਤਰਾਂ ਵਿੱਚ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਇਨਾਮਾਂ ਅਤੇ ਸਨਮਾਨਾਂ ਨਾਲ ਨਿਵਾਜਿਆ ਗਿਆ। ਇਸ ਮੌਕੇ ਉਨ੍ਹਾਂ ਦੀ ਸਖ਼ਤ ਮਿਹਨਤ, ਲਗਨ, ਸਮਰਪਣ ਅਤੇ ਉੱਤਮਤਾ ਪ੍ਰਤੀ ਵਚਨਬੱਧਤਾ ਦੀ ਸ਼ਲਾਘਾ ਕੀਤੀ ਗਈ। ਬ੍ਰਿਟਿਸ਼ ਆਰਮੀ ਦੇ ਸਨਮਾਨਿਤ ਅਫ਼ਸਰਾਂ ਨੇ ਹਰ ਪ੍ਰੋਗਰਾਮ ਦੇ ਹਰ ਈਵੈਂਟ ਨੂੰ ਬੜੇ ਆਨੰਦ ਨਾਲ ਦੇਖਿਆ ਅਤੇ ਬਚਿਆ ਨੂੰ ਬੜਾ ਪਿਆਰ ਦਿੱਤਾ ਤੇ ਪ੍ਰੋਗਰਾਮ ਦੀ ਸ਼ਲਾਂਘਾ ਕਰਦੇ ਹੋਏ ਕਿਹਾ ਅਸ਼ੀ ਪਹਿਲੀ ਵਾਰ ਅਜਿਹਾ ਸ਼ਾਨਦਾਰ ਪ੍ਰਬੰਧ ਦੇਖਿਆ ਤੇ ਬੱਚਿਆਂ ਦਾ ਆਤਮ ਵਿਸ਼ਵਾਸ ਬਹੁਤ ਉੱਚਾ ਹੈ ।ਸਕੂਲ ਦੇ ਮੈਨੇਜਿੰਗ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ ਜੀ ਅਤੇ ਡਾਇਰੈਕਟਰ-ਪ੍ਰਿੰਸੀਪਲ ਡਾ. ਅਮਰਪ੍ਰੀਤ ਕੌਰ ਜੀ ਵੱਲੋਂ ਆਏ ਹੋਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ।ਅੰਤ ਵਿੱਚ ਇਹ ਸਾਲਾਨਾ ਸਮਾਰੋਹ ਭਾਰਤ ਦੀ ਅਮਰ ਵਿਰਾਸਤ, ਸੱਭਿਆਚਾਰਕ ਵਿਭਿੰਨਤਾ, ਰਾਸ਼ਟਰੀ ਏਕਤਾ ਅਤੇ ਨੌਜਵਾਨ ਪੀੜ੍ਹੀ ਦੀ ਅਦਭੁੱਤ ਪ੍ਰਤਿਭਾ ਦਾ ਯਾਦਗਾਰੀ ਜਸ਼ਨ ਬਣ ਕੇ ਸਮਾਪਤ ਹੋਇਆ।

ਆਵਾਜ਼ਿ ਕੌਮ AWAZE QAUM International Newspaper & WEB TV

ਆਏ ਮਹਿਮਾਨਾਂ ਨੂੰ ਡਾਇਰੈਕਟਰ ਡਾ.ਮੰਗਲ ਸਿੰਘ ,ਪ੍ਰਿੰਸੀਪਲ ਅਮਰਪ੍ਰੀਤ ਕੌਰ ਵਲੋਂ ਯਾਦਗਾਰੀ ਚਿੰਨ ਮੋਮੈਂਟੋ ਦੇ ਕੇ ਸਨਮਾਨਿਤ ਕੀਤਾ ਗਿਆ

ਸਰਕਾਰੀ ਹਾਈ ਸਕੂਲ ਸਤੀਏਵਾਲਾ ਵਿਖੇ ਜ਼ਿਲ੍ਹਾ ਪੱਧਰੀ ਵਿਗਿਆਨ ਪ੍ਰਦਰਸ਼ਨੀ ਦਾ ਸ.ਫਲ ਆਯੋਜਨ

ਬਾਲਾਂ ਨੂੰ ਵਿਗਿਆਨੀ ਬਣਾਉਣਾ ਸਮੇਂ ਦੀ ਲੋੜ—ਮੈਡਮ ਮੁਨੀਲਾ ਅਰੋੜਾ



ਫ਼ਿਰੋਜ਼ਪੁਰ, 15 ਨਵੰਬਰ (ਮਨੋਹਰ ਲਾਲ) :— ਰਾਜ ਵਿਦਿਅਕ ਖੋਜ ਤੇ ਸਿਖਲਾਈ ਸੰਸਥਾ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ ਐਜੂਕੇਸ਼ਨ) ਮੈਡਮ ਮੁਨੀਲਾ ਅਰੋੜਾ ਅਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਡਾ: ਸਤਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਸਰਕਾਰੀ ਹਾਈ ਸਕੂਲ ਸਤੀਏਵਾਲਾ ਵਿਖੇ ਜ਼ਿਲ੍ਹਾ ਪੱਧਰੀ ਸਾਇੰਸ ਪ੍ਰਦਰਸ਼ਨੀ ਦਾ ਆਯੋਜਨ ਕੀਤਾ ਗਿਆ। ਇਸ ਵਿਗਿਆਨਕ ਪ੍ਰਦਰਸ਼ਨੀ ਵਿੱਚ ਜ਼ਿਲ੍ਹੇ ਦੇ ਵੱਖ—ਵੱਖ ਸਕੂਲਾਂ ਦੇ ਵਿਦਿਆਰਥੀਆਂ ਨੇ ਦੋ ਉਮਰ ਵਰਗਾਂ ਵਿੱਚ ਭਾਗ ਲਿਆ, ਜੂਨੀਅਰ ਵਰਗ ਵਿੱਚ ਛੇਵੀਂ ਤੋਂ ਅੱਠਵੀਂ ਜਮਾਤ ਅਤੇ ਸੀਨੀਅਰ ਵਰਗ ਵਿੱਚ ਨੌਵੀਂ ਅਤੇ ਦਸਵੀਂ ਦੇ ਵਿਦਿਆਰਥੀਆਂ ਨੇ ਆਪਣੇ ਵਿਗਿਆਨਕ ਮਾਡਲਾਂ, ਨਵੀਨਤਮ ਵਿਚਾਰਾਂ ਵਾਲੇ ਪ੍ਰੋਜੈਕਟਾਂ ਰਾਹੀਂ ਆਪਣੀ ਪ੍ਰਤਿਭਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ। ਵਿਗਿਆਨ ਪ੍ਰਦਰਸ਼ਨੀ ਦੇ ਮੁੱਖ ਥੀਮਾਂ ਵਿੱਚ ਕ੍ਰਿਤ੍ਰਿਮ ਬੁੱਧੀ, ਹਰੀ ਊਰਜਾ, ਸਿਹਤ ਸਫ਼ਾਈ ਅਤੇ ਸਵੱਛਤਾ, ਰਵਾਇਤੀ ਖੇਤੀ ਪ੍ਰਥਾਵਾਂ, ਪੇਂਡੂ ਖੇਤਰਾਂ ਦੇ ਕਾਇਆ—ਕਲਪ ਲਈ ਵਿਗਿਆਨ ਅਤੇ ਆਫ਼ਤ ਪ੍ਰਬੰਧਨ ਸ਼ਾਮਲ ਸਨ। ਵਿਦਿਆਰਥੀਆਂ ਨੇ ਇਨ੍ਹਾਂ ਵਿਸ਼ਿਆਂ ਨਾਲ ਸਬੰਧਤ ਆਪਣੇ ਮਾਡਲਾਂ ਅਤੇ ਪ੍ਰੋਜੈਕਟਾਂ ਰਾਹੀਂ ਵਿਗਿਆਨ ਦੀ ਰੋਜ਼ਾਨਾ ਜੀਵਨ ਵਿੱਚ ਮਹੱਤਤਾ ਨੂੰ ਦਰਸਾਇਆ। ਵਿਦਿਆਰਥੀਆਂ ਅਤੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਸਮਾਗਮ ਦੀ ਮੁੱਖ ਮਹਿਮਾਨ ਜ਼ਿਲ੍ਹਾ ਸਿੱਖਿਆ ਅਫਸਰ ਮੈਡਮ ਮੁਨੀਲਾ ਅਰੋੜਾ ਨੇ ਕਿਹਾ ਕਿ ਅਜਿਹੇ ਮੁਕਾਬਲੇ ਬੱਚਿਆਂ ਵਿੱਚ ਵਿਗਿਆਨਕ ਸੋਚ, ਤਰਕਸ਼ੀਲਤਾ ਅਤੇ ਖੋਜ ਕਰਨ ਦੀ ਰੁਚੀ ਪੈਦਾ ਕਰਨ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਮੁਕਾਬਲੇ ਵਿਦਿਆਰਥੀਆਂ ਨੂੰ ਨਵੇਂ ਵਿਚਾਰਾਂ ਨਾਲ ਜੁੜਨ ਅਤੇ ਆਪਣੀ ਪ੍ਰਤਿਭਾ ਨੂੰ ਨਿਖਾਰਨ ਦਾ ਸੁਨਹਿਰੀ ਮੌਕਾ ਪ੍ਰਦਾਨ ਕਰਦੇ ਹਨ। ਉਪ ਜ਼ਿਲ੍ਹਾ ਸਿੱਖਿਆ ਅਫਸਰ ਡਾਕਟਰ ਸਤਿੰਦਰ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਸਕੂਲ ਵਿੱਚ ਬੈਠਾ ਹਰੇਕ ਵਿਦਿਆਰਥੀ ਵਿਗਿਆਨਿਕ ਦ੍ਰਿਸ਼ਟੀਕੋਣ ਰੱਖਦਾ ਹੈ ਅਜਿਹੇ ਮੁਕਾਬਲੇ ਉਨ੍ਹਾਂ ਨੂੰ ਭਵਿੱਖ ਦੇ ਵਿਗਿਆਨੀ ਦੇ ਤੌਰ ਤੇ ਰੁਚੀ ਨਿਭਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਇਸ ਮੌਕੇ ਤੇ ਬੋਲਦਿਆ ਬਲਾਕ ਨੋਡਲ ਅਫਸਰ ਸ੍ਰੀਮਤੀ ਰੁਪਿੰਦਰ ਕੌਰ ਨੇ ਕਿਹਾ ਕਿ ਅਜਿਹੇ ਮੁਕਾਬਲੇ ਜਿਥੇ ਵਿਦਿਆਰਥੀਆਂ ਨੂੰ ਭਵਿੱਖ ਲਈ ਤਿਆਰ ਕਰਦੇ ਹਨ ਉਥੇ ਹੀ ਗਾਈਡ ਅਧਿਆਪਕ ਆਪਣੇ ਅਧਿਆਪਨ ਨੂੰ ਹੋਰ ਵੀ ਨਿਖਾਰਦੇ ਹਨ। ਵਿਗਿਆਨ ਪ੍ਰਦਰਸ਼ਨੀ ਵਿੱਚ ਜੱਜ ਸਾਹਿਬਾਨ ਦੀ ਭੂਮਿਕਾ ਸ਼੍ਰੀਮਤੀ ਆਰਤੀ ਸੇਠੀ, ਸੰਜੀਵ ਵਰਮਾਨੀ, ਮਨੀਸ਼ ਕੁਮਾਰ, ਬਲਵਿੰਦਰ ਸਿੰਘ, ਗੌਰਵ ਭੱਲਾ ਅਤੇ ਹਰਜਿੰਦਰ ਸਿੰਘ ਨੇ ਬਾਖੂਬੀ ਨਿਭਾਈ। ਸਬ—ਥੀਮ ਕ੍ਰਿਤ੍ਰਿਮ ਬੁੱਧੀ ਵਿੱਚ ਪਹਿਲਾ ਸਥਾਨ ਅੰਸ਼ ਘੋਗਾ ਪੀ.ਐਮ. ਸ੍ਰੀ ਸਰਕਾਰੀ ਹਾਈ ਸਕੂਲ ਛਾਂਗਾ ਰਾਏ ਉਤਾੜ, ਦੂਜਾ ਸਥਾਨ ਚਾਹਤ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੁੱਦਕੀ ਅਤੇ ਤੀਜਾ ਸਥਾਨ ਹਰਮਨਜੋਤ ਸਿੰਘ ਸਰਕਾਰੀ ਹਾਈ ਸਕੂਲ ਸਤੀਏਵਾਲਾ ਨੇ ਪ੍ਰਾਪਤ ਕੀਤਾ। ਇਸੇ ਸਬ ਥੀਮ ਵਿੱਚ ਸੀਨਿਅਰ ਵਰਗ ਵਿੱਚੋਂ ਪਹਿਲਾ ਸਥਾਨ ਅਰਸ਼ਦੀਪ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਰੇ ਕੇ, ਦੂਜਾ ਸਥਾਨ ਪੂਨਮ ਰਾਣੀ ਸਕੂਲ ਆਫ਼ ਐਮੀਨੈਂਸ ਮਮਦੋਟ ਅਤੇ ਤੀਜਾ ਸਥਾਨ ਹਰਸਿਮਰਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸਾਂਦੇ ਹਾਸ਼ਮ ਨੇ ਪ੍ਰਾਪਤ ਕੀਤਾ। ਸਬ—ਥੀਮ ਹਰੀ ਊਰਜਾ ਅਤੇ ਵਾਤਾਵਰਣ ਸੰਭਾਲ ਵਿੱਚ ਪਹਿਲਾ ਸਥਾਨ ਸੀਰਤ ਕੌਰ ਸਰਕਾਰੀ ਮਿਡਲ ਸਕੂਲ ਦੋਨਾ ਭਦਰੂ, ਦੂਜਾ ਸਥਾਨ ਧਰਮਵੀਰ ਸਿੰਘ ਸਰਕਾਰੀ ਹਾਈ ਸਕੂਲ ਝੰਡੂਵਾਲਾ ਅਤੇ ਤੀਜਾ ਸਥਾਨ ਸਾਹਿਲ ਸਰਕਾਰੀ ਮਿਡਲ ਸਕੂਲ ਫਾਰੂਵਾਲਾ ਨੇ ਪ੍ਰਾਪਤ ਕੀਤਾ। ਨੌਵੀਂ ਅਤੇ ਦਸਵੀਂ ਵਿੱਚੋਂ ਪ੍ਰਿੰਸ ਸਿੰਘ ਪੀ.ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੋਨਾਂ ਮੱਤੜ ਨੇ ਪਹਿਲਾਂ ਸਥਾਨ ਹਾਸਿਲ ਕੀਤਾ ਦੂਜਾ ਸਥਾਨ ਗੁਰਭੇਜ ਸਿੰਘ ਸਰਕਾਰੀ ਹਾਈ ਸਕੂਲ ਬਸਤੀ ਬੇਲਾ ਸਿੰਘ ਅਤੇ ਤੀਸਰਾ ਸਥਾਨ ਕਰਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਲੱਖਾ ਹਾਜੀ ਨੇ ਪ੍ਰਾਪਤ ਕੀਤਾ। ਸਬ ਥੀਮ ਸਿਹਤ, ਸਫ਼ਾਈ ਅਤੇ ਸਵੱਛਤਾ ਵਿੱਚ ਪਹਿਲਾ ਸਥਾਨ ਤਾਨੀਆ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖਾਈ ਫੇਮੇ ਕੀ, ਦੂਜਾ ਸਥਾਨ ਸੁਖਮਨਜੋਤ ਕੌਰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੂਚਕਵਿੰਡ ਅਤੇ ਤੀਜਾ ਸਥਾਨ ਲੋਕੇਸ਼ ਪੀ.ਐਮ ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਫ਼ਿਰੋਜ਼ਪੁਰ ਨੇ ਪ੍ਰਾਪਤ ਕੀਤਾ। ਸੀਨੀਅਰ ਵਰਗ ਵਿੱਚੋਂ ਸ਼ਗਨਪ੍ਰੀਤ ਕੌਰ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਮੁਦਕੀ ਨੇ ਪਹਿਲਾ ਸਥਾਨ, ਸਰਕਾਰੀ ਹਾਈ ਸਕੂਲ ਰਹੀਮੇ ਕੇ ਉਤਾਰ ਤੀਜਾ ਸਥਾਨ ਨਵਰੂਪ ਕੌਰ ਸਕੂਲ ਆਫ ਐਮੀਨੈਂਸ ਫਿਰੋਜ਼ਪੁਰ ਸ਼ਹਿਰ

ਰੋਹਣੋ ਕਲਾਂ ਰਾਜੇਵਾਲ (ਨੇੜੇ ਈਸੜੂ) ਵਿਖੇ

ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ ਧਾਰਮਿਕ ਦੀਵਾਨ ਸਜਾਇਆ ਗਿਆ

ਸਿੱਖ ਸੰਗਤਾਂ ਨੇ ਗੁਰਬਾਣੀ ਕਥਾ ਕੀਰਤਨ ਦਾ ਅਨੰਦ ਮਾਣਿਆ ਪ੍ਰਬੰਧਕਾਂ ਵਲੋਂ ਸਿਰਪਾਓ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ।











ਧਾਰਮਿਕ ਦੀਵਾਨ- ਰੋਹਣੋ ਕਲਾਂ ਰਾਜੇਵਾਲ (ਨੇੜੇ ਈਸੜੂ) ਵਿਖੇ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ ਵੱਲੋਂ 14 ਨਵੰਬਰ 2026 ਨੂੰ ਰਾਤਰੀ ਦਾ ਧਾਰਮਿਕ ਦੀਵਾਨ ਸਜਾਇਆ ਗਿਆ ਇਲਾਕਾ ਨਿਵਾਸੀ ਸਿੱਖ ਸੰਗਤਾਂ ਨੇ ਗੁਰਬਾਣੀ ਕਥਾ ਕੀਰਤਨ ਦਾ ਅਨੰਦ ਮਾਣਿਆ ਪ੍ਰਬੰਧਕਾਂ ਵਲੋਂ ਸਿਰਪਾਓ ਸਨਮਾਨ ਚਿੰਨ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ ਗੁਰੂ ਕਾ ਲੰਗਰ ਅਤੁੱਟ ਵਰਤਿਆ।



ਆਵਾਜ਼ਿ ਕੌਮ
AWAZE QAUM
International Newspaper & WEB TV

ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ 'ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+4474583811111 +447976210161 +919729091243

ਸ਼ਹੀਦ ਪਰਮਿੰਦਰ ਸਿੰਘ ਝੋਟਾ ਦੀ ਅੰਤਿਮ ਅਰਦਾਸ ਮੌਕੇ

ਸਿਆਸੀ, ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਸਮੇਤ ਵੱਡੀ ਗਿਣਤੀ ਵਿੱਚ ਲੋਕਾਂ ਨੇ ਭਰੀ ਹਾਜ਼ਰੀ

ਬਾਪੂ ਭੀਮ ਸਿੰਘ ਖਾਲਸਾ ਨੇ ਸਾਰੀਆਂ ਸਿੱਖ ਜਥੇਬੰਦੀਆਂ, ਸ਼੍ਰੋਮਣੀ ਕਮੇਟੀ ਅਤੇ ਸੰਗਤ ਦਾ ਭਰੇ ਪੰਡਾਲ ਵਿੱਚ ਕੀਤਾ ਧੰਨਵਾਦ













ਤਲਵੰਡੀ ਸਾਬੋ, 15 ਨਵੰਬਰ (ਗੁਰਜੰਟ ਸਿੰਘ ਨਥੇਹਾ)- ਬੀਤੀ 13 ਅਕਤੂਬਰ ਨੂੰ ਮਾਨਸਾ ਸ਼ਹਿਰ ਵਿਖੇ ਨਸ਼ਿਆਂ ਖ਼ਿਲਾਫ਼ ਸੰਘਰਸ਼ ਕਰਦਿਆਂ ਸ਼ਹੀਦ ਹੋਏ ਪਰਮਿੰਦਰ ਸਿੰਘ ਝੋਟਾ ਦੀ ਅੰਤਿਮ ਅਰਦਾਸ ਅੱਜ ਸਿੱਖ ਧਰਮ ਦੇ ਚੌਥੇ ਤਖ਼ਤ ਸ੍ਰੀ ਦਮਦਮਾ ਸਾਹਿਬ, ਤਲਵੰਡੀ ਸਾਬੋ ਵਿਖੇ ਸਥਿਤ ਦੀਵਾਨ ਹਾਲ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਕਰਵਾਈ ਗਈ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ, ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰਾਂ ਅਤੇ ਵੱਖ-ਵੱਖ ਸਿਆਸੀ ਆਗੂਆਂ ਸਮੇਤ ਵੱਡੀ ਗਿਣਤੀ ਵਿੱਚ ਸੰਗਤ ਅਤੇ ਆਮ ਲੋਕਾਂ ਨੇ ਪਹੁੰਚ ਕੇ ਸ਼ਰਧਾਂਜਲੀਆਂ ਭੇਟ ਕੀਤੀਆਂ। ਅੰਤਿਮ ਅਰਦਾਸ ਮੌਕੇ ਤਲਵੰਡੀ ਸਾਬੋ ਦੇ ਵੱਖ-ਵੱਖ ਪਿੰਡਾਂ ਦੇ ਲੋਕਾਂ ਵੱਲੋਂ ਆਪ-ਮੁਹਾਰੇ ਲੰਗਰ ਦੀ ਸੇਵਾ ਨਿਭਾਈ ਗਈ। ਇਸ ਤੋਂ ਇਲਾਵਾ ਨੌਜਵਾਨਾਂ ਵੱਲੋਂ ਪੰਦਿਆਂ ਦਾ ਲੰਗਰ ਲਗਾਇਆ ਗਿਆ ਅਤੇ ਵਿਸ਼ਾਲ ਖੂਨਦਾਨ ਕੈਂਪ ਵੀ ਆਯੋਜਿਤ ਕੀਤਾ ਗਿਆ ਅੰਤਿਮ ਅਰਦਾਸ ਦੀ ਰਸਮ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਨਿਭਾਈ ਗਈ। ਉਪਰੰਤ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਸਮੁੱਚੇ ਪਰਿਵਾਰ ਨੂੰ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸ਼ਹੀਦ ਪਰਮਿੰਦਰ ਸਿੰਘ ਝੋਟਾ ਦੇ ਪਿਤਾ ਬਾਪੂ ਭੀਮ ਸਿੰਘ ਖਾਲਸਾ ਨੇ ਭਾਵੇਂ ਮੀਡੀਆ ਨਾਲ ਕੋਈ ਵਿਸ਼ੇਸ਼ ਗੱਲਬਾਤ ਨਹੀਂ ਕੀਤੀ, ਪਰ ਉਨ੍ਹਾਂ ਨੇ ਭਰੇ ਪੰਡਾਲ ਵਿੱਚ ਸੰਗਤ ਨੂੰ ਸੰਬੋਧਨ ਕਰਦਿਆਂ ਸਾਰੀਆਂ ਸਿੱਖ ਜਥੇਬੰਦੀਆਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦੂਰੋਂ-ਨੇੜਿਓਂ ਪਹੁੰਚੇ ਲੋਕਾਂ ਦਾ ਧੰਨਵਾਦ ਕੀਤਾ। ਇਸ ਮੌਕੇ ਸਿਮਰਨਜੀਤ ਸਿੰਘ ਮਾਨ ਨੇ ਨਸ਼ਿਆਂ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਝੋਟਾ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਸਮਾਜ ਵਿੱਚੋਂ ਵੱਖ-ਵੱਖ ਸਮਾਜਿਕ ਬੁਰਾਈਆਂ ਨੂੰ ਖ਼ਤਮ ਕਰਨ ਲਈ ਲੋਕ ਲਹਿਰ ਚਲਾਉਣ ਦੀ ਲੋੜ 'ਤੇ ਜ਼ੋਰ ਦਿੱਤਾ। ਉੱਧਰ ਨਵਜੋਤ ਕੌਰ ਲੰਬੀ ਨੇ ਵੀ ਲੋਕਾਂ ਨੂੰ ਨਸ਼ਿਆਂ ਸਮੇਤ ਹੋਰ ਸਮਾਜਿਕ ਬੁਰਾਈਆਂ ਦੇ ਖ਼ਾਤਮੇ ਲਈ ਇਕਜੁੱਟ ਹੋ ਕੇ ਲਾਮਬੰਦ ਹੋਣ ਦੀ ਅਪੀਲ ਕੀਤੀ। ਇਸ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਸਿਮਰਨਜੀਤ ਸਿੰਘ ਮਾਨ, ਬਲਵਿੰਦਰ ਸਿੰਘ ਭੁੰਦੜ, ਪਰਮਿੰਦਰ ਸਿੰਘ ਢੀਂਡਸਾ, ਵਾਰਿਸ ਪੰਜਾਬ ਦੇ ਆਗੂ ਬਾਪੂ ਤਰਸੇਮ ਸਿੰਘ, ਮਨਪ੍ਰੀਤ ਸਿੰਘ ਇਆਲੀ, ਨਵਜੋਤ ਕੌਰ ਲੰਬੀ ਸਮੇਤ ਵੱਖ-ਵੱਖ ਸਿਆਸੀ, ਧਾਰਮਿਕ ਅਤੇ ਸਮਾਜਿਕ ਸ਼ਖ਼ਸੀਅਤਾਂ ਨੇ ਹਾਜ਼ਰੀ ਭਰੀ।

ਆਵਾਜ਼ਿ ਕੌਮ AWAZE QAUM International Newspaper & WEB TV

ਖ਼ਾਲਸਾ ਪੰਥ ਦੇ ਮਾਤਾ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

‘ਮਹਾਨ ਗੁਰਮਤਿ ਸਮਾਗਮ’ ਕਰਵਾਇਆ ਗਿਆ

ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ,ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲਿਆਂ ਵਲੋਂ ਧਾਰਮਿਕ ਦੀਵਾਨ ਸਜਾਏ ਗਏ









ਆਵਾਜ਼ਿ ਕੌਮ
AWAZE QAUM
International Newspaper & WEB TV





ਖ਼ਾਲਸਾ ਪੰਥ ਦੇ ਮਾਤਾ ਧੰਨ ਧੰਨ ਮਾਤਾ ਸਾਹਿਬ ਕੌਰ ਜੀ ਦੇ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਬਾਬਾ ਦਰਸ਼ਨ ਸਿੰਘ ਜੀ ਟੌਹੜਾ ਮੂਲੇਪੁਰ ਵਾਲਿਆਂ ਵੱਲੋਂ ਦੇਸ਼ ਵਿਦੇਸ਼ ਦੀਆਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਅੱਜ 15 ਨਵੰਬਰ 2026 ਨੂੰ ਕਰਵਾਏ ਗਏ “ਮਹਾਨ ਗੁਰਮਤਿ ਸਮਾਗਮ” ਵਿੱਚ ਜਥੇਦਾਰ ਬਾਬਾ ਬਲਜੀਤ ਸਿੰਘ ਦਾਦੂਵਾਲ ਜੀ,ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲਿਆਂ ਵਲੋਂ ਧਾਰਮਿਕ ਦੀਵਾਨ ਸਜਾਏ ਗਏ,ਬਾਬਾ ਸੁਰਜੀਤ ਸਿੰਘ ਸੈਦਖੇੜੀ ਅਮਰੀਕਾ ਵਾਲੇ,ਬਾਬਾ ਜਗਤਾਰ ਸਿੰਘ ਜੀ, ਬਾਬਾ ਹਰਪਾਲ ਸਿੰਘ ਜੀ,ਬਾਬਾ ਗੁਰਮੀਤ ਸਿੰਘ ਜੀ,ਗਿਆਨੀ ਗੁਰਮੇਲ ਸਿੰਘ ਪਟਿਆਲਾ,ਗਿਆਨੀ ਗੁਰਜੰਟ ਸਿੰਘ ਪਟਿਆਲਾ,ਬਾਬਾ ਪਰਮਿੰਦਰ ਸਿੰਘ ਸੰਧੂਆਂ ਨੇ ਵੀ ਹਾਜ਼ਰੀ ਭਰੀ,ਬਾਬਾ ਦਰਸ਼ਨ ਸਿੰਘ ਜੀ ਟੌਹੜਾ ਵਲੋਂ ਸਮੂੰਹ ਮਹਾਂਪੁਰਸ਼ਾਂ ਦਾ ਸਨਮਾਨ ਚਿੰਨ ਅਤੇ ਸਿਰਪਾਓ ਭੇਂਟ ਕਰਕੇ ਸਨਮਾਨ ਕੀਤਾ ਗਿਆ,ਗੁਰੂ ਕਾ ਲੰਗਰ ਅਤੁੱਟ ਵਰਤਿਆ।

ਆਵਾਜ਼ਿ ਕੌਮ
AWAZE QAUM
International Newspaper & WEB TV
ਸਿੱਖ ਕੌਮ ਅਤੇ ਪੰਜਾਬੀਅਤ ਦਾ ਪਹਿਰੇਦਾਰ
ਆਵਾਜ਼ਿ ਕੌਮ
ਵਿੱਚ ਵਿਸ਼ਵ ਪੱਧਰ ’ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ :
+447458381111 +447976210161 +919729091243

ਸਰਕਾਰੀ ਸਕੂਲਾਂ ਦੀ ਸਾਇੰਸ ਪ੍ਰਦਰਸ਼ਨੀ ਪ੍ਰਤੀਯੋਗਿਤਾ ਸਮਾਪਤ



ਚੌਕ ਮਹਿਤਾ, 15 ਨਵੰਬਰ (ਬਾਬਾ ਸੁਖਵੰਤ ਸਿੰਘ ਚੰਨਣਕੇ)-ਐੱਸਸੀਈਆਰਟੀ ਵੱਲੋਂ ਰਾਸ਼ਟਰੀ ਆਵਿਸ਼ਕਾਰ ਅਭਿਆਨ ਤਹਿਤ ਖਾਲਸਾ ਯੂਨੀਵਰਸਿਟੀ (ਪੁਰਾਣਾ ਨਾਂ ਖਾਲਸਾ ਕਾਲਜ ਫਾਰ ਵੂਮੈਨ) ਅੰਮ੍ਰਿਤਸਰ ਦੇ ਸਹਿਯੋਗ ਨਾਲ ਸਰਕਾਰੀ ਸਕੂਲਾਂ ਦੇ ਜ਼ਿਲ੍ਹਾ ਪੱਧਰੀ ਸਾਇੰਸ ਪ੍ਰਦਰਸ਼ਨੀ ਦੇ ਰੋਜ਼ਾ ਮੁਕਾਬਲੇ ਖਾਲਸਾ ਯੂਨੀਵਰਸਿਟੀ ਵਿੱਚ ਕਰਵਾਏ ਗਏ। ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਅੰਮ੍ਰਿਤਸਰ ਸ਼੍ਰੀ ਹਰਜਿੰਦਰ ਸਿੰਘ, ਉੱਪ ਜ਼ਿਲ੍ਹਾ ਸਿੱਖਿਆ ਅਫ਼ਸਰ (ਸਸ) ਰਾਜੀਵ ਕਪੂਰ ਬਿਆਸ, ਸ਼੍ਰੀ ਦੀਪਕ ਕੁਮਾਰ ਤਰਸਿੱਕਾ ਅਤੇ ਹੈੱਡਮਾਸਟਰ ਕਮ ਜ਼ਿਲ੍ਹਾ ਨੋਡਲ ਅਫ਼ਸਰ ਰਾਸ਼ਟਰੀ ਆਵਿਸ਼ਕਾਰ ਅਭਿਆਨ ਸ. ਨਰਿੰਦਰ ਸਿੰਘ ਦੀ ਨਿਗਰਾਨੀ ਹੇਠ ਪ੍ਰੋਗਰਾਮ ਦਾ ਆਗਾਜ਼ ਕੀਤਾ ਗਿਆ। ਇਸ ਪ੍ਰੋਗਰਾਮ ਦੇ ਮੀਡੀਆ ਕੋਆਰਡੀਨੇਟਰ ਲੈਕਚਰਾਰ ਨਰਿੰਦਰ ਸਿੰਘ ਰਾਏ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਪ੍ਰੋਗਰਾਮ ਦੇ ਉੱਚ ਪ੍ਰਬੰਧਕੀ ਮੰਡਲ ਵਿੱਚ ਜ਼ਿਲ੍ਹਾ ਨੋਡਲ ਅਫਸਰ ਅਤੇ ਹੈੱਡਮਾਸਟਰ ਘਰਿੰਡਾ ਸ. ਨਰਿੰਦਰ ਸਿੰਘ, ਪ੍ਰਿੰਸੀਪਲ ਝੀਤੇ ਕਲਾਂ ਸ਼੍ਰੀਮਤੀ ਮੋਨਿਕਾ ਮੈਨੀ, ਪ੍ਰਿੰਸੀਪਲ ਮਿਹਰਬਾਨ ਪੁਰਾ ਸ. ਮਨਜਿੰਦਰ ਸਿੰਘ ਔਲਖ, ਪ੍ਰਿੰਸੀਪਲ ਸ਼੍ਰੀ ਵਿਨੋਦ ਕਾਲੀਆ, ਡੀਆਰਸੀ ਓਠੀਆਂ ਡਾ ਰਾਜਨ ਸ਼ਾਮਲ ਸਨ। ਮੰਚ ਸੰਚਾਲਨ ਦਾ ਕਾਰਜ ਮੈਡਮ ਗਗਨਦੀਪ ਕੌਰ ਅਤੇ ਪ੍ਰਿੰਸੀਪਲ ਮਿਹਰਬਾਨ ਪੁਰਾ ਸ. ਮਨਜਿੰਦਰ ਸਿੰਘ ਔਲਖ ਵੱਲੋਂ ਬਾਖੂਬੀ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਸ. ਹਰਵਿੰਦਰ ਸਿੰਘ ਸੰਧੂ ਉਚੇਚੇ ਤੌਰ ਤੇ ਸ਼ਾਮਲ ਹੋਏ। ਮੰਚ ਸੰਚਾਲਨ ਮੌਕੇ ਪ੍ਰਿੰਸੀਪਲ ਔਲਖ ਵੱਲੋਂ ਜੱਜਮੈਂਟ ਪੈਨਲ ਲੈਕਚਰਾਰ ਪਵਨਦੀਪ ਕੌਰ, ਨੀਰੂ, ਕਮਾਇਨੀ, ਦਿਨੇਸ਼ ਕੁਮਾਰ, ਕਵਲਜੀਤ ਕੌਰ, ਵਿਜੇ ਕੁਮਾਰੀ, ਮੋਨਿਕਾ ਸੂਦ, ਮੰਜੂਲਾ ਵਰਮਾ, ਮਨਕਿਰਨ ਕੌਰ, ਗਗਨਦੀਪ ਗਿੱਲ, ਰਾਜਵਿੰਦਰ ਕੌਰ, ਸੰਦੀਪ ਸ਼ਰਮਾਂ ਆਦਿ ਦਾ ਸ਼ੁਕਰੀਆ ਅਦਾ ਕੀਤਾ। ਇਨ੍ਹਾਂ ਦੋ ਰੋਜ਼ਾ ਮੁਕਾਬਲਿਆਂ 'ਚ ਵਿਦਿਆਰਥੀਆਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ। ਨੋਡਲ ਅਫਸਰ ਨਰਿੰਦਰ ਸਿੰਘ ਵੱਲੋਂ ਆਪਣੇ ਨਾਲ ਸਾਥ ਦੇਣ ਵਾਲੇ ਅਧਿਆਪਕਾਂ ਰਿਸੋਰਸ ਕਮੇਟੀ ਦੇ ਸਾਰੇ ਬਲਾਕ ਰਿਸੋਰਸ ਕੋਆਰਡੀਨੇਟਜ਼ ਦੀਪਕ ਕੁਮਾਰ, ਵਿਕਰਮਜੀਤ, ਬਲਰਾਮ ਕੁਮਾਰ ਚੋਪੜਾ, ਅਜੈ ਪਾਲ ਸਿੰਘ, ਰਾਜਪ੍ਰੀਤ ਸਿੰਘ ਅਤੇ ਰਿਕਾਰਡ ਕਮ ਰਿਫਰੈਸ਼ਮੈਂਟ ਕਮੇਟੀ ਮਨਦੀਪ ਕੌਰ, ਸੋਨੀਆ ਸੇਠੀ, ਹਰਵੀਨ ਕੌਰ, ਸਟੀਫ਼ਨ ਗਿੱਲ, ਕੋਆਰਡੀਨੇਟਰ ਲੈਕਚਰਾਰ ਨਰਿੰਦਰ ਰਾਏ ਅਤੇ ਸਰਟੀਫਿਕੇਟ ਤਿਆਰ ਕਰਤਾ ਟੀਮ ਦੇ ਮੈਂਬਰ ਲੈਕਚਰਾਰ ਹਰਜੀਤ ਕੌਰ, ਪ੍ਰਭਜੋਤ ਕੌਰ, ਗਗਨਦੀਪ ਕੌਰ, ਹਰਬਲਜੀਤ ਕੌਰ, ਅਮਰਪ੍ਰੀਤ ਕੌਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਪ੍ਰਿੰਸੀਪਲ ਸ਼੍ਰੀ ਵਿਨੋਦ ਕਾਲੀਆ ਅਤੇ ਡਾ ਰਾਜਨ ਡੀਆਰਸੀ ਵੱਲੋਂ ਇਸ ਸਰਕਾਰੀ ਸਕੂਲਾਂ ਦੇ ਸਮਾਗਮ 'ਚ ਅਥਾਹ ਸਹਿਯੋਗ ਕਰਨ ਹਿੱਤ ਖਾਲਸਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਮਹਿਲ ਸਿੰਘ, ਡੀਨ ਅਕੈਡਮਿਕ ਵੈੱਲਫੇਅਰ ਡਾ. ਸੁਰਿਦਰ ਕੌਰ, ਹੈੱਡ ਆਫ ਸਕੂਲ "ਫੈਸ਼ਨ ਟੈਕਨਾਲੋਜੀ ਐਂਡ ਕੋਸਮੈਟੋਲੋਜੀ" ਡਾ. ਸ਼ੈਰਿਨਾ ਮਹਾਜਨ, ਐਸੋਸੀਏਟ ਪ੍ਰੋਫੈਸਰ "ਸਕੂਲ ਆਫ ਕੰਪਿਊਟਰ ਸਾਇੰਸ" ਡਾ ਰੰਜਨਦੀਪ ਕੌਰ ਖਹਿਰਾ ਆਦਿ ਸਮੂਹ ਸਟਾਫ਼ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਸ਼ੁੱਭ ਮੌਕੇ ਖਾਲਸਾ ਯੂਨੀਵਰਸਿਟੀ ਦੀਆਂ ਵਿਦਿਆਰਥਣਾਂ ਵੱਲੋਂ ਧਾਰਮਿਕ ਸ਼ਬਦ ਨਾਲ ਇਨਾਮ ਵੰਡ ਸਮਾਰੋਹ ਦੀ ਸ਼ੁਰੂਆਤ ਕੀਤੀ। ਆਪਣੇ ਸੰਦੇਸ਼ ਵਿੱਚ ਖਾਲਸਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ ਮਹਿਲ ਸਿੰਘ ਵੱਲੋਂ ਖਾਲਸਾ ਕਾਲਜ ਦੇ ਹਾਲ ਵਿੱਚ ਮੌਜੂਦ ਹਾਜ਼ਰੀਨ ਨੂੰ ਜੀ ਆਇਆਂ ਆਖਦਿਆਂ ਇਸ ਸਾਇੰਸ ਪ੍ਰਦਰਸ਼ਨੀ ਅਤੇ ਪ੍ਰਤੀਯੋਗਿਤਾ ਲਈ ਵਿਦਿਆਰਥੀਆਂ ਅਤੇ ਸਮੂਹ ਅਧਿਆਪਕਾਂ ਨੂੰ ਮੁਬਾਰਕਬਾਦ ਦਿੱਤੀ। ਉਹਨਾਂ ਖਾਲਸਾ ਯੂਨੀਵਰਸਿਟੀ ਵਿੱਚ ਹਰ ਸਟਰੀਮ ਦੀ ਐਜੂਕੇਸ਼ਨ ਪ੍ਰਾਪਤ ਕਰਨ ਦਾ ਸੱਦਾ ਦਿੱਤਾ। ਉਹਨਾਂ ਕਿਹਾ ਕਿ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਨੂੰ ਸਸਤੀ ਅਤੇ ਫ੍ਰੀ ਐਜੂਕੇਸ਼ਨ ਦੇਣ ਦਾ ਵੀ ਪੂਰਾ ਪ੍ਰਬੰਧ ਹੈ। ਇਨਾਮ ਵੰਡ ਸਮਾਰੋਹ ਦੌਰਾਨ ਖਾਲਸਾ ਕਾਲਜ ਦੇ ਵਾਈਸ ਚਾਂਸਲਰ ਡਾ ਮਹਿਲ ਸਿੰਘ, ਡੀਨ ਡਾ. ਸੁਰਿਦਰ ਕੌਰ, ਹੈੱਡ ਡਾ. ਸ਼ੈਰਿਨਾ ਮਹਾਜਨ ਆਦਿ, ਸਾਇੰਸ ਪ੍ਰਦਰਸ਼ਨੀ ਅਤੇ ਪ੍ਰਤੀਯੋਗਿਤਾ ਕਰਵਾਉਣ ਵਾਲੀ ਮੁੱਖ ਟੀਮ, ਸਮੂਹ ਬੀਆਰਸੀ, ਸਮੂਹ ਜੱਜ ਪੈਨਲ, ਨੋਡਲ ਅਫ਼ਸਰ ਨਰਿੰਦਰ ਸਿੰਘ, ਪ੍ਰਿੰਸੀਪਲ ਮੋਨਿਕਾ ਮੈਨੀ, ਪ੍ਰਿੰਸੀਪਲ ਮਨਜਿੰਦਰ ਔਲਖ, ਪ੍ਰਿੰਸੀਪਲ ਹਰਵਿੰਦਰ ਸੰਧੂ, ਲੈਕ: ਨਰਿੰਦਰ ਰਾਏ, ਡੀਆਰਸੀ ਡਾ ਰਾਜਨ ਮੰਚ ਉੱਪਰ ਹਾਜ਼ਰ ਸਨ। ਦੂਸਰੇ ਦਿਨ ਦਾ ਨਤੀਜਾ ਇਸ ਪ੍ਰਕਾਰ ਰਿਹਾ:- ਥੀਮ-1 ਪਹਿਲਾ ਸਥਾਨ ਸਸਸਸ ਮਾਲ ਰੋਡ, ਦੂਸਰਾ ਸਥਾਨ ਸਹਸ ਗੁਰੂਵਾਲੀ, ਤੀਸਰਾ ਸਥਾਨ ਸਹਸ ਜਗਦੇਵ ਖੁਰਦ, ਥੀਮ-2 ਪਹਿਲਾ ਸਥਾਨ ਸਸਸਸ ਮਾਲ ਰੋਡ, ਦੂਸਰਾ ਸਥਾਨ ਸਹਸ ਤਨੇਲ, ਤੀਸਰਾ ਸਥਾਨ ਸਹਸ ਫਤਾਹਪੁਰ, ਥੀਮ-3 ਪਹਿਲਾ ਸਥਾਨ ਸਸਸਸ ਕੋਹਾਲੀ, ਦੂਸਰਾ ਸਥਾਨ ਸਹਸ ਧਾਰੀਵਾਲ, ਤੀਸਰਾ ਸਥਾਨ ਸਕੰਹਸ ਨੰਗਲ ਮਹਿਤਾ, ਥੀਮ-4 ਪਹਿਲਾ ਸਥਾਨ ਸਸਸਸ ਘਨੁੰਪੁਰ, ਦੂਸਰਾ ਸਥਾਨ ਸਕੰਹਸ ਨੰਗਲ ਮਹਿਤਾ, ਤੀਸਰਾ ਸਥਾਨ ਸਹਸ ਗੰਡਾ ਸਿੰਘ ਵਾਲਾ, ਥੀਮ-5 ਪਹਿਲਾ ਸਥਾਨ ਸਸਸਸ ਧੂਲਕਾ, ਦੂਸਰਾ ਸਥਾਨ ਐਸਓਈ ਕਰਮਪੁਰਾ, ਤੀਸਰਾ ਸਥਾਨ ਸਹਸ ਫਤਾਹਪੁਰ, ਥੀਮ-6 ਪਹਿਲਾ ਸਥਾਨ ਐਸਓਈ ਛੇਹਰਟਾ, ਦੂਸਰਾ ਸਥਾਨ ਸਸਸਸ ਸਠਿਆਲਾ, ਤੀਸਰਾ ਸਥਾਨ ਸਹਸ ਛੱਜਲਵੱਡੀ ਦੇ ਵਿਦਿਆਰਥੀਆਂ ਦੀਆਂ ਟੀਮਾਂ ਵੱਲੋਂ ਪ੍ਰਾਪਤ ਕੀਤਾ ਗਿਆ। ਜੇਤੂ ਟੀਮਾਂ ਦੇ ਵਿਦਿਆਰਥੀਆਂ ਅਤੇ ਉਹਨਾਂ ਦੇ ਗਾਈਡ ਅਧਿਆਪਕਾਂ ਨੂੰ ਜੇਤੂ ਟਰਾਫੀਆਂ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ।

ਆਵਾਜ਼ਿ ਕੌਮ
AWAZE QAUM
International Newspaper & WEB TV

ਦਿੱਲੀ ਕਮੇਟੀ ਵਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਵਿਸ਼ਾਲ ਬਾਈਕ ਰੈਲੀ

300 ਤੋਂ ਵੱਧ ਸਿੱਖ ਬਾਈਕਰਾਂ ਨੇ ਉਤਸ਼ਾਹ ਅਤੇ ਸ਼ਰਧਾ ਨਾਲ ਲਿਆ ਹਿੱਸਾ; ਹਰਮੀਤ ਸਿੰਘ ਕਾਲਕਾ ਨੇ ਹਰੀ ਝੰਡੀ ਦਿਖਾ ਕੇ ਕੀਤਾ ਰਵਾਨਾ

ਨਵੀਂ ਦਿੱਲੀ, 15 ਨਵੰਬਰ (ਮਨਪ੍ਰੀਤ ਸਿੰਘ ਖਾਲਸਾ)-ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਦੇ ਵਿਸ਼ੇਸ਼ ਉਪਰਾਲੇ ਅਤੇ ਅਗਵਾਈ ਹੇਠ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਐੱਲ ਬਲਾਕ, ਕਾਲਕਾ ਜੀ ਤੋਂ ਗੁਰਦੁਆਰਾ ਰਕਾਬ ਗੰਜ ਸਾਹਿਬ ਤੱਕ ਵਿਸ਼ਾਲ ਬਾਈਕ ਰੈਲੀ ਕੱਢੀ ਗਈ। ਇਸ ਰੈਲੀ ਵਿੱਚ ਵੱਖ-ਵੱਖ ਸਿੱਖ ਰਾਈਡਰਜ਼ ਗਰੁੱਪਾਂ ਦੇ 300 ਤੋਂ ਵੱਧ ਬਾਈਕਰਾਂ ਨੇ ਉਤਸ਼ਾਹ ਅਤੇ ਸ਼ਰਧਾ ਨਾਲ ਸ਼ਮੂਲੀਅਤ ਕੀਤੀ। ਸਰਦਾਰ ਹਰਮੀਤ ਸਿੰਘ ਕਾਲਕਾ ਨੇ ਰੈਲੀ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਗੁਰਦੁਆਰਾ ਰਕਾਬ ਗੰਜ ਸਾਹਿਬ ਵਿਖੇ ਰੈਲੀ ਦੇ ਪਹੁੰਚਣ ਉਪਰੰਤ ਉਨ੍ਹਾਂ ਸਮੂਹ ਸਿੱਖ ਰਾਈਡਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਨੌਜਵਾਨਾਂ ਨੇ ਇਸ ਰੈਲੀ ਵਿੱਚ ਸ਼ਾਮਲ ਹੋ ਕੇ ਗੁਰੂ ਤੇਗ ਬਹਾਦਰ ਸਾਹਿਬ ਜੀ ਪ੍ਰਤੀ ਆਪਣੀ ਅਥਾਹ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਹੈ।



ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਕਿਹਾ ਕਿ ਗੁਰੂ ਸਾਹਿਬ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਇਸ ਰੈਲੀ ਵਿੱਚ ਰਾਇਲ ਰਾਈਡਰਜ਼, ਰਾਇਲ ਗੱਭਰੂ ਅਤੇ ਹੋਰ ਕਈ ਸਿੱਖ ਰਾਈਡਰਜ਼ ਗਰੁੱਪਾਂ ਦੇ ਮੈਂਬਰਾਂ ਨੇ ਭਾਗ ਲਿਆ। ਉਨ੍ਹਾਂ ਕਿਹਾ ਕਿ ਸੰਗਤਾਂ ਵੱਲੋਂ ਗੁਰੂ ਸਾਹਿਬ ਦੀ ਮਹਾਨ ਸ਼ਹਾਦਤ ਨੂੰ ਸਮਰਪਿਤ ਅਜਿਹਾ ਉਪਰਾਲਾ ਕਰਨਾ ਬੇਹੱਦ ਸ਼ਲਾਘਾਯੋਗ ਹੈ। ਇਸ ਨਾਲ ਨੌਜਵਾਨ ਪੀੜ੍ਹੀ ਵਿੱਚ ਗੁਰੂ ਸਾਹਿਬ ਦੀ ਲਾਸਾਨੀ ਕੁਰਬਾਨੀ ਅਤੇ ਸਿੱਖ ਇਤਿਹਾਸ ਪ੍ਰਤੀ ਜਾਗਰੂਕਤਾ ਵਧੇਗੀ ਅਤੇ ਦੇਸ਼-ਦੁਨੀਆ ਵਿੱਚ ਵੀ ਗੁਰੂ ਸਾਹਿਬ ਦੇ ਸੰਦੇਸ਼ ਦਾ ਪ੍ਰਚਾਰ ਹੋਵੇਗਾ।

ਉਨ੍ਹਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਾਰਮਿਕ ਆਜ਼ਾਦੀ, ਮਨੁੱਖੀ ਅਧਿਕਾਰਾਂ ਅਤੇ ਦੂਜਿਆਂ ਦੇ ਧਰਮ ਦੀ ਰੱਖਿਆ ਲਈ ਆਪਣਾ ਸੀਸ ਕੁਰਬਾਨ ਕਰ ਦਿੱਤਾ। ਉਨ੍ਹਾਂ ਦੀ ਸ਼ਹਾਦਤ ਸਮੁੱਚੀ ਮਨੁੱਖਤਾ ਲਈ ਮਹਾਨ ਪ੍ਰੇਰਣਾ ਹੈ। ਅਜਿਹੇ ਸਮਾਗਮਾਂ ਅਤੇ ਉਪਰਾਲਿਆਂ ਰਾਹੀਂ ਨੌਜਵਾਨਾਂ ਨੂੰ ਗੁਰੂ ਸਾਹਿਬ ਦੀ ਵਿਚਾਰਧਾਰਾ ਅਤੇ ਕੁਰਬਾਨੀ ਨਾਲ ਜੋੜਨਾ ਸਮੇਂ ਦੀ ਅਹਿਮ ਲੋੜ ਹੈ। ਉਨ੍ਹਾਂ ਰੈਲੀ ਵਿੱਚ ਸ਼ਾਮਲ ਸਾਰੇ ਨੌਜਵਾਨਾਂ ਦੀ ਸ਼ਲਾਘਾ ਕਰਦਿਆਂ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਨੇ ਪੂਰੇ ਉਤਸ਼ਾਹ ਅਤੇ ਸ਼ਰਧਾ ਨਾਲ ਇਸ ਉਪਰਾਲੇ ਵਿੱਚ ਹਿੱਸਾ ਲੈ ਕੇ ਵਧਾਈ ਦੇ ਹੱਕਦਾਰ ਬਣੇ ਹਨ।

ਜੰਡਿਆਲਾ ਗੁਰੂ ਵਿੱਚ ਕਾਂਗਰਸ ਦੀ ਧੜੇਬੰਦੀ ਨੂੰ ਲੈ ਕੇ ਸਿਆਸੀ ਬਾਜ਼ਾਰ ਗਰਮ, ਡੈਨੀ ਬੰਡਾਲਾ ਅਤੇ ਨਵਤੇਜ ਅਮਰਕੋਟ ਦੇ ਪੋਸਟਰਾਂ ਨੇ ਛੇੜੀ ਨਵੀਂ ਚਰਚਾ

ਇਕ ਪਾਸੇ ਡੈਨੀ ਬੰਡਾਲਾ ਦੇ ਸਮਰਥਕ, ਦੂਜੇ ਪਾਸੇ ਨਵਤੇਜ ਸਿੰਘ ਅਮਰਕੋਟ ਵੱਲੋਂ ਜਗਜੀਤ ਸਿੰਘ ਚੰਨੀ ਦੇ ਨਾਲ ਸਿਆਸੀ ਸਰਗਰਮੀਆਂ; ਲੋਕ ਕਾਂਗਰਸ ਵਿੱਚ ਨਵੇਂ ਚਿਹਰੇ ਨੂੰ ਮੌਕਾ ਦੇਣ ਦੇ ਹੱਕ ਵਿੱਚ



ਜੰਡਿਆਲਾ ਗੁਰੂ, 15 ਨਵੰਬਰ(ਕੁਲਵੰਤ ਸਿੰਘ ਵਿਰਦੀ)-ਪੰਜਾਬ ਵਿਧਾਨ ਸਭਾ ਚੋਣਾਂ 2027 ਨੂੰ ਲੈ ਕੇ ਸਿਆਸੀ ਸਰਗਰਮੀਆਂ ਤੇਜ਼ ਹੁੰਦੀਆਂ ਦਿਖਾਈਦੇ ਰਹੀਆਂ ਹਨ। ਇਸੇ ਦੌਰਾਨ ਜੰਡਿਆਲਾ ਗੁਰੂ ਵਿਧਾਨ ਸਭਾ ਹਲਕੇ ਵਿੱਚ ਕਾਂਗਰਸ ਪਾਰਟੀ ਅੰਦਰ ਧੜੇਬੰਦੀ ਨੂੰ ਲੈ ਕੇ ਸਿਆਸੀ ਬਾਜ਼ਾਰ ਗਰਮ ਹੋ ਗਿਆ ਹੈ। ਸ਼ਹਿਰ ਦੇ ਵੱਖ-ਵੱਖ ਥਾਵਾਂ 'ਤੇ ਲੱਗੇ ਕਾਂਗਰਸੀ ਆਗੂਆਂ ਦੇ ਪੋਸਟਰਾਂ ਨੇ ਇਲਾਕੇ ਦੀ ਸਿਆਸਤ ਵਿੱਚ ਨਵੀਂ ਚਰਚਾ ਛੇੜ ਦਿੱਤੀ ਹੈ। ਇੱਕ ਪਾਸੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ ਦੇ ਸਮਰਥਕਾਂ ਵੱਲੋਂ ਆਪਣੇ ਆਗੂ ਦੀ ਸਿਆਸੀ ਮੌਜੂਦਗੀ ਦਰਸਾਉਂਦੇ ਪੋਸਟਰ ਲਗਾਏ ਗਏ ਹਨ, ਜਦਕਿ ਦੂਜੇ ਪਾਸੇ ਨਵਤੇਜ ਸਿੰਘ ਅਮਰਕੋਟ ਵੱਲੋਂ ਵੀ ਆਪਣੇ ਪੋਸਟਰਾਂ ਰਾਹੀਂ ਸਿਆਸੀ ਸਰਗਰਮੀ ਤੇਜ਼ ਕੀਤੀ ਗਈ ਹੈ। ਇਨ੍ਹਾਂ ਪੋਸਟਰਾਂ ਵਿੱਚ ਕਾਂਗਰਸ ਦੇ ਸੀਨੀਅਰ ਆਗੂ ਅਤੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਦੀ ਤਸਵੀਰ ਵੀ ਨਜ਼ਰ ਆ ਰਹੀ ਹੈ। ਇਸ ਦੇ ਨਾਲ ਹੀ 2027 ਦੇ ਮਿਸ਼ਨ ਨੂੰ ਲੈ ਕੇ ਵੀ ਸਿਆਸੀ ਸੰਦੇਸ਼ ਦਿੱਤਾ ਗਿਆ ਹੈ। ਸ਼ਹਿਰ ਵਿੱਚ ਲੱਗੇ ਇਨ੍ਹਾਂ ਪੋਸਟਰਾਂ ਨੂੰ ਦੇਖ ਕੇ ਲੋਕਾਂ ਵਿੱਚ ਇਹ ਚਰਚਾ ਸ਼ੁਰੂ ਹੋ ਗਈ ਹੈ ਕਿ ਕੀ ਜੰਡਿਆਲਾ ਗੁਰੂ ਵਿੱਚ ਕਾਂਗਰਸ ਪਾਰਟੀ ਦੋ ਵੱਖ-ਵੱਖ ਧੜਿਆਂ ਵਿੱਚ ਵੰਡੀ ਜਾ ਰਹੀ ਹੈ? ਇੱਕ ਪਾਸੇ ਡੈਨੀ ਬੰਡਾਲਾ ਦੀ ਸਿਆਸੀ ਸਰਗਰਮੀ ਅਤੇ ਉਨ੍ਹਾਂ ਦੇ ਸਮਰਥਕਾਂ ਦੀ ਮੌਜੂਦਗੀ ਦੀ ਗੱਲ ਹੋ ਰਹੀ ਹੈ, ਜਦਕਿ ਦੂਜੇ ਪਾਸੇ ਨਵਤੇਜ ਸਿੰਘ ਅਮਰਕੋਟ ਵੱਲੋਂ ਆਪਣੀ ਵੱਖਰੀ ਸਿਆਸੀ ਪਛਾਣ ਬਣਾਉਣ ਦੀਆਂ ਕੋਸ਼ਿਸ਼ਾਂ ਨੂੰ ਲੈ ਕੇ ਚਰਚਾ ਚੱਲ ਰਹੀ ਹੈ। ਇਸ ਸਬੰਧੀ ਜਦੋਂ ਇਲਾਕੇ ਦੇ ਲੋਕਾਂ ਨਾਲ ਗੱਲਬਾਤ ਕੀਤੀ ਗਈ ਤਾਂ ਇੱਕ ਹੋਰ ਅਹਿਮ ਗੱਲ ਸਾਹਮਣੇ ਆਈ ਕਿ ਲੋਕ ਜੰਡਿਆਲਾ ਗੁਰੂ ਹਲਕੇ ਵਿੱਚ ਕਾਂਗਰਸ ਪਾਰਟੀ ਵੱਲੋਂ ਨਵੇਂ ਚਿਹਰੇ ਨੂੰ ਮੌਕਾ ਦਿੱਤੇ ਜਾਣ ਦੀ ਉਮੀਦ ਰੱਖ ਰਹੇ ਹਨ। ਲੋਕਾਂ ਦਾ ਕਹਿਣਾ ਹੈ ਕਿ ਉਹ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਡੈਨੀ ਬੰਡਾਲਾ 'ਤੇ ਇੱਕ ਵਾਰ ਭਰੋਸਾ ਕਰਕੇ ਦੇਖ ਚੁੱਕੇ ਹਨ, ਇਸ ਲਈ ਹੁਣ ਉਹ ਕਾਂਗਰਸ ਪਾਰਟੀ ਵਿੱਚ ਨਵੇਂ ਚਿਹਰੇ ਨੂੰ ਦੇਖਣਾ ਚਾਹੁੰਦੇ ਹਨ। ਲੋਕਾਂ ਦੀ ਇਸ ਰਾਏ ਨੇ ਟਿਕਟ ਦੀ ਦੌੜ ਨੂੰ ਹੋਰ ਵੀ ਦਿਲਚਸਪ ਬਣਾ ਦਿੱਤਾ ਹੈ। ਲੋਕਾਂ ਵਿੱਚ ਇਹ ਵੀ ਚਰਚਾ ਹੈ ਕਿ ਕਾਂਗਰਸ ਪਾਰਟੀ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਅਜਿਹੇ ਚਿਹਰੇ ਨੂੰ ਮੌਕਾ ਦੇਣਾ ਚਾਹੀਦਾ ਹੈ, ਜਿਸ ਨਾਲ ਹਲਕੇ ਵਿੱਚ ਨਵੀਂ ਸਿਆਸੀ ਉਮੀਦ ਪੈਦਾ ਹੋ ਸਕੇ। ਹਲਕੇ ਵਿੱਚ ਇਹ ਵੀ ਸਵਾਲ ਉੱਠਣ ਲੱਗਾ ਹੈ ਕਿ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਹਾਈਕਮਾਂਡ ਜੰਡਿਆਲਾ ਗੁਰੂ ਤੋਂ ਕਿਸ ਆਗੂ 'ਤੇ ਭਰੋਸਾ ਜਤਾਉਂਦੀ ਹੈ। ਹਾਲਾਂਕਿ ਪਾਰਟੀ ਵੱਲੋਂ ਅਜੇ ਤੱਕ 2027 ਦੀਆਂ ਚੋਣਾਂ ਲਈ ਉਮੀਦਵਾਰ ਦਾ ਕੋਈ ਅਧ

ਜਥੇਦਾਰ ਸਾਹਿਬ ! ਆਪਣੇ ਫ਼ੈਸਲੇ ਦੀ ਲਾਜ ਰੱਖੋ, ਮਨਪ੍ਰੀਤ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ

ਹਰਸਿਮਰਤ ਕੌਰ ਬਾਦਲ ਨੂੰ ਤਲਬ ਕਰੋ: ਦਵਿੰਦਰ ਸਿੰਘ ਸੰਤ ਸਿਪਾਹੀ

ਨਵੀਂ ਦਿੱਲੀ 14 ਨਵੰਬਰ (ਆਵਾਜ਼ਿ ਕੌਮ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੀ ਐਸ.ਸੀ. ਵਿੰਗ ਦੇ ਜਨਰਲ ਸਕੱਤਰ ਅਤੇ ਮੁੱਖ ਬੁਲਾਰੇ ਸ. ਦਵਿੰਦਰ ਸਿੰਘ ਸੰਤ ਸਿਪਾਹੀ ਨੇ ਕਿਹਾ ਕਿ ਬਾਦਲ ਪਰਿਵਾਰ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਨੂੰ ਆਪਣੀ ਕੋਠੀ ਦੇ ਦਰਵਾਜ਼ੇ ਤੋਂ ਬਾਹਰ ਖੜ੍ਹਾ ਕਰ ਦਿੱਤਾ ਹੈ।ਉਨ੍ਹਾਂ ਮੰਗ ਕੀਤੀ ਕਿ ਭਾਜਪਾ ਦੇ ਕੌਮੀ ਮੀਤ ਪ੍ਰਧਾਨ ਅਤੇ ਪੰਜਾਬ ਦੇ ਸਾਬਕਾ ਖ਼ਜ਼ਾਨਾ ਮੰਤਰੀ ਮਨਪ੍ਰੀਤ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ ਅਤੇ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਤੁਰੰਤ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਤਲਬ ਕੀਤਾ ਜਾਵੇ। ਸ. ਦਵਿੰਦਰ ਸਿੰਘ ਸੰਤ ਸਿਪਾਹੀ ਨੇ ਚੇਤੇ ਕਰਵਾਇਆ ਕਿ 28 ਦਸੰਬਰ 2025 ਨੂੰ ਪੰਜ ਸਿੰਘ ਸਾਹਿਬਾਨ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਰਬਸੰਮਤੀ ਨਾਲ ਫ਼ੈਸਲਾ ਕੀਤਾ ਸੀ ਕਿ ਆਨੰਦ ਕਾਰਜ ਕੇਵਲ ਗੁਰਦੁਆਰਾ ਸਾਹਿਬ 'ਚ ਹੋਵੇਗਾ ਅਤੇ ਹੋਰ ਕਿਸੇ ਥਾਂ ਇਸ ਦੀ ਇਜਾਜ਼ਤ ਨਹੀਂ ਹੋਵੇਗੀ।ਪਾਵਨ ਸਰੂਪ ਨੂੰ ਵਿਆਹ ਵਾਲੀ ਕਿਸੇ ਵੀ ਥਾਂ ਲਿਜਾਣ 'ਤੇ ਮੁਕੰਮਲ ਪਾਬੰਦੀ ਲਾਈ ਗਈ ਸੀ। ਇਹ ਫ਼ੈਸਲਾ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਖੁਦ ਸੰਗਤ ਨੂੰ ਸੁਣਾਇਆ ਸੀ। ਇਸ ਤੋਂ ਪਹਿਲਾਂ 16 ਮਾਰਚ 1998 ਦਾ ਹੁਕਮਨਾਮਾ ਅਤੇ 16 ਅਕਤੂਬਰ 2023 ਦਾ ਆਦੇਸ਼ ਵੀ ਇਹੋ ਮਰਿਆਦਾ ਦ੍ਰਿੜ੍ਹ ਕਰਵਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਇਸ ਫ਼ੈਸਲੇ ਨੂੰ ਅਜੇ ਸਾਲ ਵੀ ਪੂਰਾ ਨਹੀਂ ਹੋਇਆ। ਮੀਡੀਆ ਰਿਪੋਰਟਾਂ ਮੁਤਾਬਕ 4 ਨਵੰਬਰ 2026 ਨੂੰ ਮਨਪ੍ਰੀਤ ਸਿੰਘ ਬਾਦਲ ਦੀ ਧੀ ਦਾ ਆਨੰਦ ਕਾਰਜ ਕਿਸੇ ਗੁਰਦੁਆਰਾ ਸਾਹਿਬ ਵਿੱਚ ਨਹੀਂ, ਸਗੋਂ ਲੁਟੀਅਨਜ਼ ਦਿੱਲੀ ਦੇ ਲੋਧੀ ਅਸਟੇਟ ਵਿੱਚ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਸੰਸਦ ਮੈਂਬਰ ਵਜੋਂ ਮਿਲੀ ਸਰਕਾਰੀ ਕੋਠੀ ਵਿੱਚ ਕਰਵਾਇਆ ਗਿਆ।ਲੋਕਾਂ ਦੇ ਟੈਕਸ ਨਾਲ ਚੱਲਦੀ ਸਰਕਾਰੀ ਰਿਹਾਇਸ਼ ਨੂੰ ਵਿਆਹ ਵਾਲੀ ਥਾਂ ਬਣਾ ਦਿੱਤਾ ਗਿਆ ਅਤੇ ਪਾਵਨ ਸਰੂਪ ਉੱਥੇ ਲਿਜਾਇਆ ਗਿਆ। ਦਿੱਲੀ ਗੁਰੂ ਘਰਾਂ ਦਾ ਸ਼ਹਿਰ ਹੈ।ਗੁਰਦੁਆਰਾ ਬੰਗਲਾ ਸਾਹਿਬ ਅਤੇ ਗੁਰਦੁਆਰਾ ਰਕਾਬ ਗੰਜ ਸਾਹਿਬ ਉਸੇ ਲੁਟੀਅਨਜ਼ ਦਿੱਲੀ ਵਿੱਚ ਸੁਸ਼ੋਭਿਤ ਹਨ। ਫਿਰ ਗੁਰੂ ਸਾਹਿਬ ਨੂੰ ਇੱਕ ਸਰਕਾਰੀ ਕੋਠੀ ਵਿੱਚ ਕਿਉਂ ਲਿਜਾਇਆ ਗਿਆ ? ਸ. ਸੰਤ ਸਿਪਾਹੀ ਨੇ ਕਿਹਾ ਕਿ ਪੰਜਾਬ ਦਾ ਗਰੀਬ ਕਿਸਾਨ ਅਤੇ ਮਜ਼ਦੂਰ ਕਰਜ਼ਾ ਚੁੱਕ ਕੇ ਵੀ ਧੀ ਦੀਆਂ ਲਾਵਾਂ ਗੁਰਦੁਆਰਾ ਸਾਹਿਬ 'ਚ ਕਰਵਾਉਂਦਾ ਹੈ, ਕਿਉਂਕਿ ਤਖ਼ਤ ਦਾ ਹੁਕਮ ਉਸ ਲਈ ਪੱਥਰ 'ਤੇ ਲਕੀਰ ਹੈ। ਜਿਨ੍ਹਾਂ ਨੇ ਪੰਥ ਦੇ ਨਾਂ 'ਤੇ ਦਹਾਕਿਆਂ ਤੱਕ ਰਾਜ ਭੋਗਿਆ, ਉਨ੍ਹਾਂ ਲਈ ਉਹੀ ਹੁਕਮ ਕਾਗਜ਼ ਦਾ ਟੁਕੜਾ ਬਣ ਗਿਆ। ਸਿੱਖ ਗੁਰੂ ਦੇ ਦਰ 'ਤੇ ਚੱਲ ਕੇ ਜਾਂਦਾ ਹੈ। ਬਾਦਲਾਂ ਨੇ ਲਾਵਾਂ ਲਈ ਗੁਰੂ ਨੂੰ ਆਪਣੇ ਦਰ 'ਤੇ ਬੁਲਾ ਲਿਆ। ਉਨ੍ਹਾਂ ਕਿਹਾ ਕਿ ਮਰਿਆਦਾ ਦੇ ਦੋ ਤਰਾਜ਼ੂ ਨਹੀਂ ਹੋ ਸਕਦੇ। ਇਸੇ ਫ਼ੈਸਲੇ ਹੇਠ ਉਲੰਘਣਾ ਕਰਨ ਵਾਲਿਆਂ ਅਤੇ ਰਾਗੀ ਜਥਿਆਂ ਖ਼ਿਲਾਫ਼ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ ਗਈ ਸੀ। ਜੇ ਅੱਜ ਵੱਡੇ ਘਰਾਣੇ ਅੱਗੇ ਚੁੱਪ ਵੱਟ ਲਈ ਗਈ ਤਾਂ ਕੱਲ੍ਹ ਕਿਸੇ ਗਰੀਬ ਸਿੱਖ ਨੂੰ ਕਿਸ ਮੂੰਹ ਨਾਲ ਰੋਕਿਆ ਜਾਵੇਗਾ ?ਸ.ਦਵਿੰਦਰ ਸਿੰਘ ਸੰਤ ਸਿਪਾਹੀ ਨੇ ਸਮਾਗਮ ਦੀਆਂ ਤਸਵੀਰਾਂ ਜਾਰੀ ਕਰਦਿਆਂ ਕਿਹਾ ਕਿ ਇਨ੍ਹਾਂ ਵਿੱਚ ਮਹਿਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਕੁਰਸੀਆਂ ਅਤੇ ਸੋਫਿਆਂ 'ਤੇ ਬੈਠੇ ਅਤੇ ਕੁਝ ਵਿਅਕਤੀ ਜੁੱਤੀਆਂ ਸਮੇਤ ਦਿਖਾਈ ਦਿੰਦੇ ਹਨ। ਉਨ੍ਹਾਂ ਜਥੇਦਾਰ ਸਾਹਿਬ ਅੱਗੇ ਚਾਰ ਮੰਗਾਂ ਰੱਖੀਆਂ: ਮਨਪ੍ਰੀਤ ਸਿੰਘ ਬਾਦਲ,ਸੁਖਬੀਰ ਸਿੰਘ ਬਾਦਲ ਅਤੇ ਬੀਬੀ ਹਰਸਿਮਰਤ ਕੌਰ ਬਾਦਲ ਨੂੰ ਤਲਬ ਕਰਕੇ ਜਵਾਬ-ਤਲਬੀ ਕੀਤੀ ਜਾਵੇ।ਪੜਤਾਲ ਹੋਵੇ ਕਿ ਪਾਵਨ ਸਰੂਪ ਕਿੱਥੋਂ ਅਤੇ ਕਿਸ ਦੀ ਇਜਾਜ਼ਤ ਨਾਲ ਉਸ ਰਿਹਾਇਸ਼ 'ਤੇ ਲਿਜਾਇਆ ਗਿਆ।ਲਾਵਾਂ ਕਰਵਾਉਣ ਵਾਲੇ ਗ੍ਰੰਥੀ ਸਿੰਘ ਅਤੇ ਰਾਗੀ ਜੱਥੇ ਦੀ 28 ਦਸੰਬਰ 2025 ਦੇ ਫ਼ੈਸਲੇ ਮੁਤਾਬਕ ਜਵਾਬਦੇਹੀ ਤੈਅ ਹੋਵੇ।ਬਾਦਲ ਪਰਿਵਾਰ ਸੰਗਤ ਨੂੰ ਦੱਸੇ ਕਿ ਆਨੰਦ ਕਾਰਜ ਤੋਂ ਇੱਕ ਦਿਨ ਪਹਿਲਾਂ 3 ਨਵੰਬਰ ਨੂੰ ਹੋਈ ਵੱਖਰੀ ਵਿਆਹ ਰਸਮ ਕਿਸ ਰੀਤ ਨਾਲ ਕਰਵਾਈ ਗਈ। ਸ. ਸੰਤ ਸਿਪਾਹੀ ਨੇ ਐਲਾਨ ਕੀਤਾ ਕਿ ਉਹ ਜਲਦ ਤਸਵੀਰਾਂ, ਮੀਡੀਆ ਰਿਪੋਰਟਾਂ ਅਤੇ ਸਬੰਧਤ ਹੁਕਮਨਾਮਿਆਂ ਦੀਆਂ ਨਕਲਾਂ ਸਮੇਤ ਲਿਖਤੀ ਸ਼ਿਕਾਇਤ ਜਥੇਦਾਰ ਸਾਹਿਬ ਨੂੰ ਸੌਂਪਣਗੇ। ਉਨ੍ਹਾਂ ਕਿਹਾ ਇਹ ਕਿਸੇ ਪਰਿਵਾਰ ਦੇ ਵਿਆਹ ਦਾ ਮਸਲਾ ਨਹੀਂ। ਇਹ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਹੁਕਮ ਦੀ ਸਰਵਉੱਚਤਾ ਦਾ ਸਵਾਲ ਹੈ, ਸੰਗਤ ਦੇਖ ਰਹੀ ਹੈ।



ਗਰੀਬ ਸਿੱਖ ਲਈ ਮਰਿਆਦਾ, ਬਾਦਲਾਂ ਲਈ ਛੋਟ, ਬਾਦਲ ਪਰਿਵਾਰ ਨੇ ਸਰਕਾਰੀ ਕੋਠੀ 'ਚ ਕਰਵਾਇਆ ਆਨੰਦ ਕਾਰਜ: ਦਵਿੰਦਰ ਸਿੰਘ ਸੰਤ ਸਿਪਾਹੀ

ਆਵਾਜ਼ਿ ਕੌਮ AWAZE QAUM International Newspaper & WEB TV

ਇੱਕ ਨਜ਼ਰ ...



ਆਜ਼ਾਦੀ ਦੇ 8 ਦਹਾਕਿਆਂ ਤੋਂ ਬਾਅਦ ਵਿਮੁਕਤ ਕਬੀਲਿਆਂ ਨੂੰ ਨਹੀਂ ਮਿਲਿਆ ਸੰਵਿਧਾਨਕ ਐਸਟੀ ਦਾ ਦਰਜ਼ਾ: ਬੂਟਾ ਰਾਮ ਧਨੌਲਾ

ਵਿਮੁਕਤ ਕਬੀਲਿਆਂ, ਮਜ਼ਬੀ ਸਿੱਖ ਅਤੇ ਵਾਲਮੀਕ ਭਾਈਚਾਰੇ ਨਾਲ ਬੇਇਨਸਾਫ਼ੀ ਦੇ ਦੋਸ਼

ਬਰਨਾਲਾ, 15 ਨਵੰਬਰ (ਰਾਜਿੰਦਰ ਸ਼ਰਮਾ)-ਆਜ਼ਾਦੀ ਦੇ 8 ਦਹਾਕਿਆਂ ਦਾ ਵੱਧ ਸਮਾਂ ਬੀਤ ਜਾਣ ਦੇ ਬਾਵਜੂਦ ਵੀ ਪੰਜਾਬ ਦੇ ਮਜ਼ਬੀ ਸਿੱਖ, ਵਾਲਮੀਕਿ ਅਤੇ ਪੰਜਾਬ ਦੇ ਵਿਮੁਕਤ ਕਬੀਲਿਆਂ ਨਾਲ ਅਜੇ ਤੱਕ ਇਨਸਾਫ਼ ਨਹੀਂ ਹੋਇਆ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਮਜ਼ਬੀ ਸਿੱਖ, ਵਾਲਮੀਕਿ ਅਤੇ ਪੰਜਾਬ ਦੇ ਵਿਮੁਕਤ ਕਬੀਲਿਆਂ ਦੀ ਜਥੇਬੰਦੀ ਵੱਲੋਂ ਸਾਂਝੇ ਤੌਰ 'ਤੇ ਇੱਕ ਪ੍ਰੈੱਸ ਬਿਆਨ ਜਾਰੀ ਕੀਤਾ ਗਿਆ ਹੈ। ?ਇਹ ਬਿਆਨ ਉਸ ਸਮੇਂ ਜਾਰੀ ਕੀਤਾ ਗਿਆ ਜਦੋਂ ਜਥੇਬੰਦੀ ਦੇ ਆਗੂਆਂ ਨੇ ਬਰਨਾਲਾ ਵਿਖੇ ਪੁੱਜੇ ਹਾਕੀ ਦੇ ਸਾਬਕਾ ਕਪਤਾਨ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਪਦਮਸ਼੍ਰੀ ਪਰਗਟ ਸਿੰਘ ,ਕੁਲਦੀਪ ਸਿੰਘ ਕਾਲਾ ਢਿੱਲੋਂ (ਵਿਧਾਇਕ ਬਰਨਾਲਾ) ਅਤੇ ਲੱਕੀ ਪੱਖੋ (ਚੇਅਰਮੈਨ ਐੱਸ.ਸੀ. ਡਿਪਾਰਟਮੈਂਟ) ਨੂੰ ਆਪਣਾ ਮੰਗ ਪੱਤਰ ਅਤੇ ਪੰਜਾਬ ਅਤੇ ਕੇਂਦਰ ਸਰਕਾਰ ਦੀਆਂ ਚਿੱਠੀਆਂ ਸੌਂਪੀਆਂ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਪੰਜਾਬ ਵਿਮੁਕਤ ਕਬੀਲੇ ਐਸੋਸੀਏਸ਼ਨ ਦੇ ਸੂਬਾ ਕਨਵੀਨਰ ਬੂਟਾ ਰਾਮ ਧਨੌਲਾ ਨੇ ਦੱਸਿਆ ਕਿ ਪੰਜਾਬ ਦੇ ਵਿਮੁਕਤ ਕਬੀਲਿਆਂ ਨੂੰ ਅਜੇ ਤੱਕ ਸੰਵਿਧਾਨਕ ਐੱਸ.ਟੀ. ਦਰਜਾ ਨਹੀਂ ਦਿੱਤਾ ਗਿਆ, ਜਿਸ ਕਾਰਨ ਇਨ੍ਹਾਂ ਕਬੀਲਿਆਂ ਦੇ ਲੋਕ ਅਜੇ ਵੀ ਸਮਾਜਿਕ, ਆਰਥਿਕ ਅਤੇ ਵਿਦਿਅਕ ਤੌਰ 'ਤੇ ਅਤਿ ਪਛੜੇ ਹੋਏ ਹਨ। ਉਹਨਾਂ ਦੱਸਿਆ ਕਿ ਉਨ੍ਹਾਂ ਵੱਲੋਂ 1975 ਵਿੱਚ ਮਾਨਯੋਗ ਹਾਈਕੋਰਟ ਵਿੱਚ ਇੱਕ ਕੇਸ ਲਗਾਇਆ ਗਿਆ ਸੀ ਜਿਸਦਾ ਫ਼ੈਸਲਾ 1982 ਵਿੱਚ ਆਇਆ ਸੀ ਪਰ ਫ਼ੈਸਲਾ ਆਉਣ ਤੋਂ ਪਹਿਲਾਂ ਹੀ ਸੂਬਾ ਸਰਕਾਰ ਨੇ 1979 ਵਿੱਚ ਕੇਂਦਰ ਸਰਕਾਰ ਨੂੰ ਲਿਖ ਦਿੱਤਾ ਸੀ ਕਿ ਇਨ੍ਹਾਂ ਕਬੀਲਿਆਂ ਨੂੰ ਸੰਵਿਧਾਨਕ ਐੱਸ.ਟੀ. ਦਰਜਾ ਦਿੱਤਾ ਜਾਵੇ। ਉਸ ਤੋਂ ਬਾਅਦ 1996 ਵਿੱਚ ਬੇਅੰਤ ਸਿੰਘ (ਮੁੱਖ ਮੰਤਰੀ) ਨੇ ਵੀ ਆਪਣੀ ਚਿੱਠੀ ਰਾਹੀਂ ਇਸਦੀ ਸਿਫ਼ਾਰਸ਼ ਭੇਜੀ ਸੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਦੇ ਕਹਿਣ 'ਤੇ ਪੰਜਾਬ ਸਰਕਾਰ ਨੇ ਕਿਸੇ ਚੰਗੀ ਯੂਨੀਵਰਸਿਟੀ ਤੋਂ ਸਟੱਡੀ ਕਰਵਾਉਣ ਲਈ ਕਿਹਾ ਸੀ, ਜਿਸ ਤੋਂ ਬਾਅਦ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਥਨੋਗ੍ਰਾਫੀ ਸਟੱਡੀ ਹੋਈ ਜਿਸ ਵਿੱਚ ਸਾਬਤ ਹੋਇਆ ਕਿ ਇਹ ਪੰਜਾਬ ਦੇ ਅਸਲ ਕਬੀਲੇ ਹਨ। ਇਸ ਉਪਰੰਤ 2010 ਵਿੱਚ ਫਿਰ ਪੰਜਾਬ ਸਰਕਾਰ ਵੱਲੋਂ ਸਟੱਡੀ ਰਿਪੋਰਟ ਸਮੇਤ ਕੇਂਦਰ ਸਰਕਾਰ ਨੂੰ ਇਨ੍ਹਾਂ ਕਬੀਲਿਆਂ ਨੂੰ ਐੱਸ.ਟੀ. ਦਰਜਾ ਦੇਣ ਲਈ ਕਿਹਾ ਗਿਆ। ਪਰ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਨੂੰ ਇੱਕ ਚਿੱਠੀ 2017 ਵਿੱਚ ਲਿਖੀ ਜਿਹੜੀ ਕਿ ਅਜੇ ਤੱਕ ਪੰਜਾਬ ਸਰਕਾਰ ਦੇ ਪ੍ਰਿੰਟਰ ਵਿੱਚੋਂ ਨਿਕਲ ਕੇ ਕੇਂਦਰ ਸਰਕਾਰ ਨੂੰ ਨਹੀਂ ਗਈ ਅਤੇ ਨਾ ਹੀ ਪੰਜਾਬ ਦੀ ਮੌਜੂਦਾ ਸਰਕਾਰ ਨੇ ਆਪਣੇ ਹਰੇ ਪੈੱਨ ਦਾ ਕੈਪ ਉਤਾਰ ਕੇ ਇਨ੍ਹਾਂ ਕਬੀਲਿਆਂ ਦੇ ਹੱਕ ਲਈ ਕੋਈ ਹਸਤਾਖ਼ਰ ਕੀਤੇ ਹਨ। ਉਨ੍ਹਾਂ ਕਿਹਾ ਕਿ 2005 ਵਿੱਚ ਕੇਂਦਰ ਸਰਕਾਰ ਨੇ ਆਪਣੇ ਪੱਧਰ 'ਤੇ 'ਰੇਨਕੇ' ਕਮਿਸ਼ਨ ਬਿਠਾਇਆ, ਉਸ ਤੋਂ ਬਾਅਦ ਐੱਨ.ਡੀ.ਏ. ਸਰਕਾਰ ਨੇ 'ਇਦਾਤੇ' ਕਮਿਸ਼ਨ ਬਿਠਾਇਆ, ਜਿਸ ਵਿੱਚੋਂ 'ਸੀਡ' ਯੋਜਨਾ ਤਾਂ ਲਾਗੂ ਕਰ ਦਿੱਤੀ ਗਈ ਪਰ ਪੂਰੀ ਰਿਪੋਰਟ ਲਾਗੂ ਨਹੀਂ ਕੀਤੀ ਗਈ, ਜਿਸ ਕਾਰਨ ਇਹ ਕਬੀਲੇ ਅੱਜ ਵੀ ਸੰਵਿਧਾਨਕ ਐੱਸ.ਟੀ. ਦਰਜੇ ਤੋਂ ਵਾਂਝੇ ਹਨ। ਬੂਟਾ ਰਾਮ ਧਨੌਲਾ ਨੇ ਕਿਹਾ ਕਿ ਮਜ਼ਬੀ ਸਿੱਖ ਅਤੇ ਵਾਲਮੀਕਿ ਭਾਈਚਾਰੇ ਨੂੰ ਸਿਰਫ਼ ਨੌਕਰੀਆਂ ਵਿੱਚ ਰਾਖਵਾਂਕਰਨ ਮਿਲਦਾ ਹੈ, ਪਰ ਰਾਜਨੀਤਿਕ ਅਤੇ ਵਿਦਿਅਕ ਰਾਖਵਾਂਕਰਨ ਨਹੀਂ ਮਿਲਦਾ,ਇਸ ਕਾਰਨ ਨਾ ਤਾਂ ਇਨ੍ਹਾਂ ਸਮਾਜਾਂ ਦੇ ਬੱਚੇ ਉਚੇਰੀ ਸਿੱਖਿਆ ਲੈ ਪਾ ਰਹੇ ਹਨ ਅਤੇ ਨਾ ਹੀ ਰਾਜਨੀਤਿਕ ਖੇਤਰ ਵਿੱਚ ਬਣਦੀ ਗਿਣਤੀ ਮੁਤਾਬਕ ਸੀਟਾਂ ਦਿੱਤੀਆਂ ਜਾਂਦੀਆਂ ਹਨ, ਜਿਸ ਕਰਕੇ ਇਨ੍ਹਾਂ ਭਾਈਚਾਰਿਆਂ ਲਈ ਕੋਈ ਬੋਲਣ ਵਾਲਾ ਨਹੀਂ ਹੈ। ਆਗੂਆਂ ਨੇ ਦੱਸਿਆ ਕਿ ਪੰਜਾਬ ਦੇ ਮਾਲਵਾ ਅਤੇ ਮਾਝਾ ਖੇਤਰ ਵਿੱਚ ਇਨ੍ਹਾਂ ਭਾਈਚਾਰਿਆਂ ਦੀ ਆਬਾਦੀ ਵੱਡੇ ਪੱਧਰ 'ਤੇ ਹੈ। ਇਸ ਮੌਕੇ ਮਾਸਟਰ ਲਛਮਣ ਸਹੋਤਾ (ਆਗੂ ਹਾਸ਼ੀਆ ਲੋਕ ਦਲ ਅਤੇ ਐੱਮ ਐਂਡ ਬੀ 12.5% ਆਰ.ਬੀ.ਐੱਮ. ਰਜਿ.) ਅਤੇ ਬਾਬਾ ਜੀਵਨ ਸਿੰਘ ਸਟੂਡੈਂਟ ਲੀਗ ਵੱਲੋਂ ਜ਼ੋਰਦਾਰ ਮੰਗ ਕੀਤੀ ਗਈ ਕਿ ਇਨ੍ਹਾਂ ਭਾਈਚਾਰਿਆਂ ਨਾਲ ਸਬੰਧਤ ਵਿਧਾਇਕਾਂ ਨੂੰ ਵਿਧਾਨ ਸਭਾ ਵਿੱਚ ਅਲੱਗ ਤੋਂ 35-35 ਮਿੰਟ ਬੋਲਣ ਦਾ ਮੌਕਾ ਦਿੱਤਾ ਜਾਵੇ, ਤਾਂ ਜੋ ਉਹ ਆਪਣੇ ਸਮਾਜ ਦੇ ਅਸਲ ਮੁੱਦੇ ਉੱਥੇ ਰੱਖ ਸਕਣ। ਇਸ ਮੌਕੇ ਪੰਜਆਬ ਵਿਮੁਕਤ ਕਬੀਲੇ ਦੇ ਵੱਖ-ਵੱਖ ਅਹੁਦੇਦਾਰ ਜਿਵੇਂ ਕਿ ਬਲਵਿੰਦਰ ਸਿੰਘ ਉੱਗੋਕੇ (ਸਹਾਇਕ ਖ਼ਜ਼ਾਨਚੀ), ਹੰਸਰਾਜ ਚੀਮਾ, ਮੋਹਨ ਸਿੰਘ ਭੱਦਲਵੱਡ, ਪੱਪੂ ਰਾਮ ਧਨੌਲਾ, ਚੰਦ ਸਿੰਘ (ਸਾਬਕਾ ਸਰਪੰਚ), ਅਤੇ ਜਤਿੰਦਰ ਰਾਮ ਮਾਨਾਪਿੰਡੀ ਆਦਿ ਹਾਜ਼ਰ ਸਨ।

ਭਾਈ ਗੁਰਨਿਸ਼ਾਨ ਸਿੰਘ ਪੱਟੀ ਦੇ ਪਿਤਾ ਸਵ: ਤਾਰਾ ਸਿੰਘ ਪੱਟੀ ਨਮਿੱਤ ਅੰਤਿਮ ਅਰਦਾਸ ਸਮਾਗਮ ਸ਼ਰਧਾ ਅਤੇ ਸਤਿਕਾਰ ਨਾਲ ਸੰਪੰਨ

ਭਿੱਖੀਵਿੰਡ (ਖਾਲੜਾ), 15 ਨਵੰਬਰ (ਆਵਾਜ਼ਿ ਕੌਮ ਬਿਊਰੋ)- ਸਵਰਗੀ ਸ. ਤਾਰਾ ਸਿੰਘ ਪੱਟੀ ਜੋ ਕਿ ਮਿਤੀ 5 ਨਵੰਬਰ ਨੂੰ ਅਕਾਲ ਪੁਰਖ ਜੀ ਦੇ ਹੁਕਮ ਅਨੁਸਾਰ ਅਕਾਲ ਚਲਾਣਾ ਕਰ ਗਏ ਸਨ ਉਹਨਾਂ ਦੇ ਨਮਿੱਤ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਹਨਾਂ ਦੇ ਗ੍ਰਹਿ ਵਿਖੇ ਪਾਏ ਗਏ, ਉਪਰੰਤ ਅੰਤਿਮ ਅਰਦਾਸ ਸਮਾਗਮ ਗੁਰਦੁਆਰਾ ਬੀਬੀ ਰਜਨੀ ਜੀ, ਰੇਲਵੇ ਸਟੇਸ਼ਨ ਪੱਟੀ ਵਿਖੇ ਬਹੁਤ ਹੀ ਸ਼ਰਧਾ, ਸਤਿਕਾਰ ਅਤੇ ਭਾਵਨਾਤਮਕ ਭਾਵਨਾ ਨਾਲ ਸੰਪੰਨ ਹੋਇਆ। ਇਸ ਮੌਕੇ ਇਲਾਕੇ ਦੀਆਂ ਸਾਰੀਆਂ ਰਾਜਨੀਤਿਕ ਪਾਰਟੀਆਂ ਦੇ ਨੁਮਾਇੰਦਿਆਂ, ਮਾਝੇ ਦੇ ਪ੍ਰਮੁੱਖ ਪ੍ਰਚਾਰਕਾਂ, ਧਾਰਮਿਕ ਸ਼ਖ਼ਸੀਅਤਾਂ ਅਤੇ ਵੱਖ-ਵੱਖ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਪਹੁੰਚ ਕੇ ਸਵਰਗੀ ਸ. ਤਾਰਾ ਸਿੰਘ ਜੀ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਸਮਾਗਮ ਦੀ ਸ਼ੁਰੂਆਤ ਭਾਈ ਗੁਰਪ੍ਰੀਤ ਸਿੰਘ ਜੀ ਪੱਟੀ ਵਾਲਿਆਂ ਦੇ ਰਸਭਿੰਨੇ ਕੀਰਤਨ ਨਾਲ ਕੀਤੀ ਉਪਰੰਤ ਭਾਈ ਉਂਕਾਰ ਸਿੰਘ ਜੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਨਾਲ ਨਿਹਾਲ ਕੀਤਾ। ਇਸ ਉਪਰੰਤ ਗਿਆਨੀ ਸੁਰਜੀਤ ਸਿੰਘ ਸਭਰਾ ਹੈੱਡ ਗ੍ਰੰਥੀ ਗੁਰਦੁਆਰਾ ਸ਼ਹੀਦ ਗੰਜ, ਅੰਮ੍ਰਿਤਸਰ ਨੇ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ। ਇਸ ਉਪਰੰਤ ਕਾਂਗਰਸ ਪਾਰਟੀ ਦੇ ਸਾਬਕਾ ਐਮ ਐੱਲ ਏ ਅਤੇ ਮੌਜੂਦਾ ਵਿਧਾਇਕ ਸ. ਹਰਮਿੰਦਰ ਸਿੰਘ ਗਿੱਲ ਨੇ ਸਵਰਗੀ ਭਾਈ ਤਾਰਾ ਸਿੰਘ ਜੀ ਦੇ ਜੀਵਨ, ਸ਼ਖ਼ਸੀਅਤ ਅਤੇ ਸਮਾਜ ਪ੍ਰਤੀ ਯੋਗਦਾਨ ਬਾਰੇ ਸ਼ਰਧਾ ਦੇ ਫੁੱਲ ਭੇਟ ਕੀਤੇ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੇ ਯੋਗਦਾਨ ਬਾਰੇ ਚਾਨਣਾ ਪਾਇਆ।ਸਿੱਖ ਅਲਾਇੰਸ ਆਫ਼ ਆਰਗੇਨਾਈਜੈਸ਼ਨ ਦੇ ਸੀਨੀਅਰ ਆਗੂ ਅਤੇ ਸਿੱਖ ਚਿੰਤਕ ਭਾਈ ਪਰਮਪਾਲ ਸਿੰਘ ਸਭਰਾ ਜੀ ਨੇ ਭਾਈ ਤਾਰਾ ਸਿੰਘ ਜੀ ਦੇ ਸਿੱਖ ਸੰਸਥਾਵਾਂ ਵਿਚ ਦਿੱਤੇ ਯੋਗਦਾਨ ਨੂੰ ਸੰਗਤਾਂ ਨਾਲ ਸਾਂਝਿਆਂ ਕਰਦਿਆਂ ਮੁੜ ਤੋਂ ਪ੍ਰਚਾਰ ਲਹਿਰ ਦੀ ਸ਼ੁਰੂ ਕਰਨ ਬਾਰੇ ਵਿਚਾਰ ਪੇਸ਼ ਕੀਤੇ। ਇਸ ਸਮੇਂ ਬੀਬਾ ਪ੍ਰਨੀਤ ਕੌਰ ਕੈਰੋਂ, SGPC ਦੇ ਐਗਜ਼ੈਕਟਿਵ ਮੈਂਬਰ ਸ ਖੁਸ਼ਿਵੰਦਰ ਸਿ